16447G

16447G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

5

16447

ਸਭ ਹਕ ਰਾਖਵੇਂ ਹਨ।

ਟ੍ਰੈਕਟ ਨੰ: ੧

੧ ਓ ਸਤਿਗੁਰ ਪ੍ਰਸਾਦਿ ॥

ਅਵਲ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕਉਣ ਮੰਦੇ ॥

# "ਜਾਤ-ਪਾਤ ਤੇ ਛੂਤ-ਛਾਤ"

ਕਬੁਧਿ ਡੂਮਣੀ ਕੁਦਇਆ ਕਸਾਇਣ,
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲ।
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲ ॥

## "ਜਾਤ-ਪਾਤ ਤੇ ਛੂਤ-ਛਾਤ" ਦੇ ਸ਼ੰਕਿਆਂ ਪੁਰ ਗੁਰਬਾਣੀ ਅਨੁਸਾਰ ਲੇਖ !

ਪ੍ਰਕਾਸ਼ਕ !

"ਖਾਲਸਾ ਦੀਵਾਨ ਬਰਮਾ"

ਮੋਖ ___)

ਪਹਿਲੀ ਵੇਰ ੧੦੦੦ ਕਾਪੀ

Digitized by Panjab Digital Library | www.panjabdigilib.org

# "ਸਮਰਪਨ"

ਮੈਂ ਆਪਣੀ ਇਸ ਤੁਛ ਸੇਵਾ ਨੂੰ ਸਤਿਕਾਰ !
ਸਹਿਤ "ਖਾਲਸਾ ਦੀਵਾਨ ਬਰਮਾ" ਦੇ
ਸਮਰਪਨ ਕਰਦਾ ਹਾਂ। ਜੇਕਰ ਇਹ
ਦਿਲੀ ਹੁੱਬ ਨਾਲ ਲਿਖੀ ਸੇਵਾ
ਪ੍ਰਵਾਨ ਹੋਈ ਤਾਂ ਮੈਂ
ਆਪਣੇ ਧੰਨਜ ਭਾਗ
ਸਮਝਾਂਗਾ !

ਲੇਖਕ:-

**ਦਾਸ ਭਗਵਾਨ ਸਿੰਘ**

ਰੀਟਾਇਰਡ ਜੇਲਰ ਜੋਗੋ ਇਨਸਨ

Digitized by Panjab Digital Library | www.panjabdigilib.org

16447G

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਜਾਤ ਪਾਤ ਅਤੇ ਛੂਤ ਛਾਤ

ਪਿਆਰੇ ਖਾਲਸਾ ਜੀ !

ਇਹ ਮਜ਼ਮੂਨ ਇਕ ਐਸਾ ਮਜ਼ਮੂਨ ਹੈ ਜਿਸ ਨੂੰ ਬਹੁਤ ਸਾਰੇ ਪ੍ਰੇਮੀ ਸਜਣ ਜੋ ਅਜੇ ਤਕ ਛੂਤ ਛਾਤ ਅਤੇ ਜਾਤ ਪਾਤ ਨੂੰ ਮੰਨਦੇ ਹਨ ਸੁਨਣਾ ਪਸੰਦ ਨਹੀਂ ਕਰਦੇ। ਅਤੇ ਜੇ ਕੋਈ ਆਦਮੀ ਉਕਤੀਆਂ ਯੁਕਤੀਆਂ ਜਾਂ ਗੁਰ ਪ੍ਰਮਾਣਾਂ ਦੁਆਰਾ ਐਸੇ ਪ੍ਰੇਮੀਆਂ ਨੂੰ ਸਮਝਾਉਣ ਦਾ ਜਤਨ ਕਰਦਾ ਭੀ ਹੈ ਤਾਂ ਉਸਨੂੰ ਉਹ ਸਜਣ ਆਪਣੇ ਧਰਮ ਤੋਂ ਗਿਰਿਆ ਹੋਇਆ ਸਮਝਦੇ ਹਨ।

ਛੂਤ ਛਾਤ ਸਿਰਫ ਜਾਤਾਂ ਦੇ ਫਰਕ ਕਰਕੇ ਹੀ ਹੈ, ਪਰ ਸਿਖਾਂ ਵਿਚ ਕੋਈ ਜਾਤ ਪਾਤ ਨਹੀਂ ਮੰਨੀ ਗਈ, ਫੇਰ ਇਸ ਸਵਾਲ ਦਾ ਸਿਖਾ ਵਿਚ ਉਠਣਾਂ ਇਕ ਅਚੰਭੇ ਦੀ ਬਾਤ ਹੈ।

ਜੋ ਪ੍ਰੇਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਚਾਰਕੇ ਪਾਠ ਕਰਦੇ ਹਨ, ਉਨ੍ਹਾਂ ਵਿਚ ਜਾਤ ਪਾਤ ਤੇ ਛੂਤ ਛਾਤ ਦਾ ਭਰਮ ਨਹੀਂ ਰਹਿੰਦਾ।

ਆਪਣੀ ਤੁਛ ਬੁਧੀ ਅਨੁਸਾਰ ਜੋ ਵਿਚਾਰ ਦਾਸ ਨੂੰ ਫੁਰੀ ਹੈ ਕਲਮ ਬੰਦ ਕੀਤੀ ਜਾਂਦੀ ਹੈ। ਜੇ ਦਾਸ ਤੋਂ ਕੋਈ ਭੁਲ ਹੋਵੇ ਤਾਂ ਖਿਮਾਂ ਦਾ ਜਾਚਕ ਹਾਂ। ਕਿਉਂਕਿ "ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ" ਹੈ।

Digitized by Panjab Digital Library | www.panjabdigilib.org

ਕੋਈ ਛੇ ਕੁ ਸਾਲ ਹੋ ਗਏ ਹਨ ਕਿ ਖਾਲਸਾ ਦੀਵਾਨ ਬਰਮਾਂ ਵਲੋਂ ਦਾਸ ਨੂੰ ਇਕ ਚਿਠੀ ਮਿਲੀ ਸੀ ਜਿਸ ਵਿਚ ਹੇਠ ਲਿਖੀਆਂ ਬਾਤਾਂ ਪਰ ਵੀਚਾਰ ਅਤੇ ਮੇਰੀ ਰਾਇ ਪੁਛੀ ਸੀ। ਉਸ ਚਿਠੀ ਦਾ ਜੋ ਉੱਤਰ ਦਾਸ ਨੇ ਦਿਤਾ ਸੀ ਏਹ ਲੇਖ ਓਸੇ ਅਧਾਰ ਪਰ ਹੈ।

ਸਵਾਲ ਏਹ ਹਨ:-

(੧) ਬਰਮਿਆਂ ਦਿਆਂ ਘੜਿਆਂ ਵਿਚੋਂ ਪਾਨੀ ਪੀ ਲੈਣ ਵਾਲੇ।

(੨) ਬਰਮਿਆਂ ਜਾਂ ਜਹਾਜ਼ ਦੇ ਮੁਸਲਮਾਨ ਖਲਾਸੀਆਂ ਦਾ ਪੱਕਾ ਹੋਇਆ ਖਾ ਲੈਣ ਵਾਲੇ।

(੩) ਕਾਕਿਆਂ ਦੀ ਚਾਹ ਪੀ ਲੈਣ ਵਾਲੇ, ਦੋਬਾਰਾ ਅੰਮ੍ਰਿਤ ਛਕਣ ਦੇ ਅਧਕਾਰੀ ਹਨ ਜਾਂ ਨਹੀਂ ?

(੪) ਜੋ ਸਿੰਘ ਐਸੇ ਖੁਲੇ ਖਾਣ ਪੀਣ ਵਾਲਿਆਂ ਨਾਲ ਛਕ ਲਵੇ ਉਹ ਵੀ ਮੁੜਕੇ ਅੰਮ੍ਰਿਤ ਛਕਣ ਦਾ ਅਧਕਾਰੀ ਹੈ ਜਾਂ ਨਹੀਂ ?

(੫) ਜੇ ਅੰਮ੍ਰਿਤ ਧਾਰੀ ਸਿਖ ਬੇ ਅੰਮ੍ਰਿਤੀਏ ਨਾਲ ਛਕ ਲਵੇ ਤਾਂ ਤਨਖਾਹੀਆ ਹੋ ਜਾਂਦਾ ਹੈ ਤਦ ਅਜੇਹੇ ਖੁਲ੍ਹੇ ਵਰਤਣ ਵਾਲੇ ਕਿਉਂ ਤਨਖਾਹੀਏ ਨਹੀਂ ਹੋ ਸਕਦੇ ?

ਹੁਣ ਇਹ ਵਿਚਾਰ ਕਰਨੀ ਹੈ ਕਿ ਜਾਤ ਪਾਤ ਅਤੇ ਛੂਤ ਛਾਤ ਕਿਥੋਂ ਅਤੇ ਕਿਸ ਤਰ੍ਹਾਂ ਸ਼ੁਰੂ ਹੋਈ। ਛੂਤ ਛਾਤ ਦਾ ਕਾਰਨ ਜਾਤਾਂ ਦਾ ਭੇਦ ਹੈ। ਜੇ ਉੱਚੀਆਂ ਨੀਵੀਆਂ ਜਾਤਾਂ ਨਾਂ ਹੋਣ ਤਾਂ ਛੂਤ ਛਾਤ ਭੀ ਨਹੀਂ ਹੁੰਦੀ।

ਕਿਸੇ ਕੌਮ ਦੇ ਫਿਰਕੇ ਭੀ ਹੋ ਜਾਇਆ ਕਰਦੇ ਹਨ।

Digitized by Panjab Digital Library | www.panjabdigilib.org

ਪਰ ਉਨ੍ਹਾਂ ਫਿਰਕਿਆਂ ਵਿਚ ਛੂਤ ਛਾਤ ਦਾ ਪ੍ਰਹੇਜ਼ ਨਹੀਂ ਹੁੰਦਾ, ਉਨ੍ਹਾਂ ਵਿਚ ਸਿਰਫ ਧਰਮ ਦੇ ਨਿਯਮਾਂ ਦਾ ਫਰਕ ਹੋ ਜਾਂਦਾ ਹੈ। ਆਪਸ ਵਿਚ ਖਾਣ ਪੀਣ ਦਾ ਪਰਹੇਜ਼ ਨਹੀਂ ਹੁੰਦਾ। ਖੁਦਾ ਉਨ੍ਹਾਂ ਦਾ ਇਕ ਹੀ ਹੁੰਦਾ ਹੈ।

ਜਦ ਲੋਕਾਂ ਦੀ ਇਕੋ ਜਾਤ ਹੁੰਦੀ ਸੀ ਤਾਂ ਲੋਕ ਮਹਾਂ ਸੁਖੀ ਵਸਦੇ ਸਨ। ਆਪਸ ਵਿਚ ਦੀ ਫੁਟ ਹੀ ਦੁਖਾਂ ਅਤੇ ਕਮਜ਼ੋਰੀਆਂ ਦਾ ਕਾਰਨ ਹੋਈ ਹੈ। ਇਨ੍ਹਾਂ ਦੁਖਾਂ ਅਤੇ ਕਮ-ਜ਼ੋਰੀਆਂ ਨੂੰ ਦੂਰ ਕਰਨ ਵਾਸਤੇ ਜਥੇ ਬੰਦੀ ਦੀ ਲੜ ਹੈ। ਆਪਸ ਵਿਚ ਦੀ ਪਾਟਕ ਦੇ ਦੁਖਾਂ ਤੋਂ ਦੁਖੀ ਹੋਕੇ ਹੁਣ ਭਾਰਤ ਵਾਸੀਆਂ ਨੂੰ ਭੀ ਖਤਾ ਲਗਦਾ ਜਾਂਦਾ ਹੈ ਕਿ ਆਪਸ ਵਿਚ ਦੀ ਜਥੇ ਬੰਦੀ ਤੋਂ ਬਿਨਾਂ ਦੇਸ ਦਾ ਸੁਧਾਰ ਮੁਸ਼ਕਿਲ ਹੈ। ਇਸ ਲਈ ਹੁਣ ਫਰ ਮੁੜਕੇ ਜਥਬੰਦੀ ਵਿਚ ਆਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਤਵਾਰੀਖਾਂ ਵਿਚ ਲਿਖਿਆ ਹੈ ਕਿ ਪੁਰਾਣੇ ਜ਼ਮਾਨੇ ਵਿਚ ਭਾਰਤ ਦੇਸ ਹੋਰ ਦੇਸਾਂ ਨਾਲੋਂ ਚੰਗਾ ਹੁੰਦਾ ਸੀ। ਜਦੋਂ ਹੋਰ ਦੇਸਾਂ ਦੇ ਆਦਮੀ ਅਜੇ ਜੰਗਲਾਂ ਬਣਾਂ ਵਿਚ ਪਸ਼ੂਆਂ ਵਾਂਗ ਰਹਿੰਦੇ ਸਨ, ਉਸ ਵੇਲੇ ਸਾਡੇ ਦੇਸ ਦੇ ਆਦਮੀ ਵਿਦਿਆ ਅਤੇ ਹੁਨਰ ਵਿਚ ਪੂਰੀ ਜਵਾਨੀ ਪੁਰ ਸਨ। ਉਸ ਵੇਲੇ ਸਾਰੇ ਲੋਕਾਂ ਦੀ ਇਕੋ ਜਾਤ ਹੁੰਦੀ ਸੀ ਜਾਂ ਇਉਂ ਕਹੋ ਕਿ ਕੋਈ ਜਾਤ ਜੂਤ ਹੁੰਦੀ ਹੀ ਨਹੀਂ ਸੀ। ਲੋਕ ਬੜੇ ਆਰਾਮ ਨਾਲ ਵਸਦੇ ਸਨ। ਆਹਾ! ਉਹ ਕੈਸਾ ਸੋਹਣਾ ਸਮਾਂ ਹੋਵੇਗਾ ਜਦ ਜਾਤ ਪਾਤ ਅਤੇ ਛੂਤ ਛਾਤ ਦਾ ਕੋਈ ਝਗੜਾ ਨਹੀਂ ਹੁੰਦਾ ਹੋਵੇਗਾ। ਇਕ ਕਵੀਸ਼ਰ ਦਾ ਕਹਿਣਾ ਹੈ 'ਸੁਖ ਦੇਕੇ

Digitized by Panjab Digital Library | www.panjabdigilib.org

ਦੁਖ ਦੀ ਕਰੇ ਤਿਆਰੀ" ਇਕ ਪਰਕਾਰ ਸੁਖੀ ਵਸਦੇ ਭਾਰਤ ਨਿਵਾਸੀਆਂ ਪਰ ਦੁਖ ਆ ਪਏ। ਏਹ ਦੁਖ ਕਿਸਤਰਾਂ ਆਏ?

ਲੋਕ ਆਪਸ ਵਿਚ ਫਟ ਗਏ, ਇਤਫਾਕ ਜਾਂਦਾ ਰਿਹਾ, ਸਕੇ ਭਰਾ ਆਪਨੇ ੨ ਪੇਸ਼ਿਆਂ ਅਨੁਸਾਰ ਅੱਡ ੨ ਜਾਤਾਂ ਵਿਚ ਵੰਡੇ ਗਏ। ਧਰਮ ਪ੍ਰਚਾਰ ਕਰਨ ਵਾਲਾ ਜਥਾ ਅੱਡ ਕਰ ਦਿਤਾ, ਲੜਾਈ ਕਰਨ ਵਾਲਾ ਗ੍ਰੁਹੁ ਜੁਦਾ ਕਰ ਦਿਤਾ, ਖੇਤੀ ਕਰਨ ਵਾਲੇ ਅਲਹਿਦਾ ਕਰ ਦਿਤੇ ਅਤੇ ਹੁਨਰ ਅਤੇ ਸੇਵਾ ਦਾ ਕੰਮ ਕਰਨ ਵਾਲਿਆਂ ਨੂੰ ਜੁਦਾ ਕਰ ਦਿਤਾ, ਬਸ ਆਪਸ ਵਿਚ ਫਟੇ, ਤਾਂ ਗਏ, ਜਿਥੇ ਫੁੱਟ ਪੈ ਗਈ ਓਥੇ ਸੁਖ ਦੀ ਆਸ ਕਿਥੇ! ਇਹ ਵੰਡੀਆਂ ਪਾਉਣ ਵਾਲੇ ਮਹਾਤਮਾਂ ਨੇ ਆਪਣੇ ਵਲੋਂ ਤਾਂ ਚੰਗਾ ਕੀਤਾ ਹੋਵੇਗਾ। ਪੇਸ਼ਿਆਂ ਅਨੁਸਾਰ ਆਦਮੀ ਅਲਗ ੨ ਕਰ ਦਿਤੇ ਪਰ ਉਸਨੇ ਇਹ ਨਹੀਂ ਸੋਚਿਆ ਹੋਵੇਗਾ ਕਿ ਅਜ ਤੋਂ ਮੈਂ ਭਾਰਤ ਨਿਵਾਸੀਆਂ ਨੂੰ ਸਦਾ ਵਾਸਤੇ ਗੁਲਾਮ ਬਣਾ ਦਿਤਾ ਹੈ। ਇਹ ਵੰਡ ਏਥੇ ਨਹੀਂ ਮੁਕੀ, ਇਸਨੇ ਹੋਰ ਭੀ ਵਾਧਾ ਕੀਤਾ, ਅਤੇ ਇਕ ੨ ਜਾਤ ਦੀਆਂ ਕਈ ੨ ਸ਼ਾਖਾਂ ਹੋ ਗਈਆਂ। ਚੰਗਾ ਕੰਮ ਕਰਨ ਵਾਲੇ ਆਪਣੇ ਆਪਨੂੰ ਉੱਚੀ ਜਾਤ ਦੇ ਸਮਝਣ ਲਗ ਗਏ, ਅਤੇ ਸੇਵਾ ਦਾ ਕੰਮ ਕਰਨ ਵਾਲਿਆਂ ਤੋਂ ਨਫਰਤ ਕਰਨ ਲਗ ਗਏ। ਇਸਤਰਾਂ ਜਾਤਾਂ ਵਿਚ ਊਚ ਨੀਚ ਦਾ ਫਰਕ ਪੈ ਗਿਆ। ਉੱਚੀ ਜਾਤ ਵਾਲਿਆਂ ਨੀਵੀਂ ਜਾਤ ਵਾਲਿਆਂ ਨਾਲ ਵਿਆਹ ਸ਼ਾਦੀਆਂ ਕਰਨੇ ਬੰਦ ਕਰ ਦਿਤੇ। ਉਨ੍ਹਾਂ ਦੇ ਹੱਥਾਂ ਦਾ ਬਣਿਆ ਹੋਇਆ ਖਾਣਾ ਛੱਡ ਦਿਤਾ। ਇਸ ਪ੍ਰਕਾਰ ਜਦ ਜਾਤਾਂ ਦੀ ਵੰਡ ਹੋ ਗਈ ਤਾਂ ਰੱਬ ਦੀ ਵੰਡ ਦੀ ਭੀ ਵਾਰੀ ਆ

Digitized by Panjab Digital Library | www.panjabdigilib.org

ਗਈ। ਅੱਡ ਅੱਡ ਜਾਤਾਂ ਦੇ ਲੋਕਾਂ ਨੇ ਆਪਣੇ ੨ ਖਿਆਲਾਂ ਅਨੁਸਾਰ ਰਬ ਥਾਪ ਲਏ।

ਰੱਬ ਤਾਂ ਇਕ ਹੈ ਉਹ ਵੰਡਿਆ ਨਹੀਂ ਜਾ ਸਕਦਾ, ਪਰ ਚਾਤਰ ਲੋਕਾਂ ਨੇ ਰੱਬ ਦੀਆਂ ਬਣਾਈਆਂ ਹੋਈਆਂ ਚੀਜ਼ਾਂ ਨੂੰ ਹੀ ਰੱਬ ਚੁਕ ਬਣਾਇਆ ਅਤੇ ਅਸਲੀ ਰੱਬ ਕਿਨਾਰੇ ਰਹਿ ਗਿਆ।

"ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮੌਲਾਣੇ।"

ਇਸ ਪਰਕਾਰ ਫੁੱਟ ਦਾ ਖੂਬ ਜੰਗ ਮਚਿਆ ਅਤੇ ਲੋਕ ਦੁਖਾਂ ਵਿਚ ਪੈ ਗਏ। ਸੱਚ ਹੈ:—"ਪ੍ਰਮੇਸ਼ਰ ਤੋਂ ਭੁਲਿਆਂ ਵਿਆਪਨ ਸਭੇ ਰੋਗ" ਸ਼ੇਖ ਸਾਅਦੀ ਨੇ ਭੀ ਕਿਹਾ ਹੈ:—"ਚੁ ਖਾਹਦ ਕਿ ਵੈਰਾਂ ਕੁਨਦ ਆਲਮੇ। ਨਿਹਦ ਮੁਲਕ ਦਰ ਪੰਜਾਏ ਜ਼ਾਲਮੇ" ਭਾਵ ਜਦ ਅਕਾਲ ਪੁਰਖ ਕਿਸੇ ਮੁਲਕ ਨੂੰ ਸਜ਼ਾ ਦੇਣੀ ਚਹੁੰਦਾ ਹੈ ਤਾਂ ਓਸ ਦੇਸ ਉਤੇ ਜ਼ਾਲਮ ਬਾਦਸ਼ਾਹ ਭੇਜ ਦਿੰਦਾ ਹੈ, ਜੋ ਪਰਜਾ ਨੂੰ ਹਰ ਤਰਾਂ ਨਾਲ ਦੁਖੀ ਕਰਦਾ ਹੈ। ਇਸੇ ਤਰ੍ਹਾਂ ਭਾਰਤ ਦੇਸ ਦੇ ਰੱਬਵਲੋਂ ਭੁਲੇ ਹੋਏ ਲੋਕਾਂ ਨੂੰ ਸਜ਼ਾ ਦੇਣ ਵਾਸਤੇ ਜ਼ਾਲਮ ਮੁਸਲਮਾਨ ਬਾਦਸ਼ਾਹ ਨੂੰ ਭੇਜਿਆ। ਇਤਹਾਸ ਵਿਚ ਤਾਂ ਇਸੇਤਰ੍ਹਾਂ ਲਿਖਿਆ ਹੈ, ਪਰ ਮੇਰੀ ਨਿਮਾਣੀ ਸਮਝ ਵਿਚ ਕੁਛ ਹੋਰ ਹੀ ਆਉਂਦਾ ਹੈ। ਉਹ ਏਹ ਹੈ ਕਿ ਮੁਸਲਮਾਨ ਬਾਦਸ਼ਾਹਾਂ ਨੇ ਸਾਰੇ ਭਾਰਤ ਦੇਸ ਨੂੰ ਮੁਸਲਮਾਨ ਬਣਾਕੇ ਜਾਤਾਂ ਦੇ ਬੰਧਨਾਂ ਤੋਂ ਛੁਟਕਾਰਾ ਦੇਣਾ ਚਾਹਿਆ ਤਾਂ ਕਿ ਇਕ ਜਾਤ ਹੋਕੇ ਸੁਖੀ ਵਸਣ ਅਤੇ ਨਿੱਤ ਦੇ ਮਜ਼ਹਬੀ ਝਗੜਿਆਂਤੋਂ ਛੁਟੀ ਮਿਲਜਾਵੇ। ਪਰ ਇਹ ਕੰਮ ਸੀ ਬਹੁਤ ਭਾਰਾ ਜੋ ਸਿਰੇ ਨ ਚੜ੍ਹ ਸਕਿਆ,

Digitized by Panjab Digital Library | www.panjabdigilib.org

ਅਤੇ ਇਸ ਵਿਚ ਪਰਜਾ ਹੋਰ ਭੀ ਦੁਖੀ ਹੋਈ। ਸ਼ਾਇਦ ਰੱਬ ਨੂੰ ਭੀ ਇਹ ਬਾਤ ਨ ਭਾਈ ਕਿ ਏਸ ਮਜ਼ਹਬੀ ਸੁਧਾਰ ਵਿਚ ਸਾਰੀ ਪਰਜਾ ਨੂੰ ਦੁਖੀ ਕੀਤਾ ਜਾਵੇ। ਉਸ ਅਕਾਲ ਪੁਰਖ ਨੇ ਜੋ ਸਾਰੇ ਬ੍ਰਹਮੰਡ ਦਾ ਬਾਦਸ਼ਾਹ ਹੈ ਭਾਰਤ ਨਿਵਾਸੀਆਂ ਦੇ ਸੁਧਾਰ ਦਾ ਇਕ ਬਹੁਤ ਹੀ ਅਸਾਨ ਤ੍ਰੀਕਾ ਕੱਢਿਆ, ਜਿਸ ਨਾਲ ਲੋਕਾਂ ਨੂੰ ਕੁਛ ਤਕਲੀਫ ਭੀ ਨ ਹੋਵੇ ਅਤੇ ਆਪਸ ਵਿਚ ਦੀ ਫੁਟ ਅਤੇ ਮਜ਼ਹਬੀ ਝਗੜਿਆਂ ਦਾ ਦੁਖ ਭੀ ਦੂਰ ਹੋ ਜਾਵੇ। ਯਾਨੀ ਖਾਲਸਾ ਧਰਮ (ਖਾਲਸ ਧਰਮ) ਦੀ ਬੁਨਿਆਦ ਰਖੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇਸ ਦਾ ਸ਼ਾਂਤਮਈ ਸੁਧਾਰ ਕਰਨ ਵਾਸਤੇ ਖਾਲਸਾ ਧਰਮ ਰੂਪੀ ਮੁਲਕ ਦਾ ਪਹਿਲਾ ਗਵਰਨਰ ਕਰਕੇ ਭੇਜਿਆ।

ਪਿਆਰੇ ਖਾਲਸਾ ਜੀ ਜਦ ਤੁਸੀਂ ਆਪਣੇ ਆਪਨੂੰ ਖਾਲਸਾ ਧਰਮੀ ਅਖਵਾਉਂਦੇ ਹੋ ਤਾਂ ਕੀ ਫੇਰ ਤੁਸੀਂ ਸਮਝਦੇ ਹੋ ਕਿ ਸਾਡੇ ਵਿਚ ਜਾਤ ਪਾਤ ਅਤੇ ਛੂਤ ਛਾਤ ਦਾ ਭਰਮ ਬਾਕੀ ਹੈ? ਜੇ ਹੈ ਤਾਂ ਆਪਣੇ ਆਪਨੂੰ ਖਾਲਸਾ ਕਿਉਂ ਅਖਵਾਉਂਦੇ ਹੋ? ਮਿਲ-ਗੋਭਾ ਧਰਮ ਕਿਉਂ ਨਹੀਂ ਆਖਦੇ?

ਪਿਆਰੇ ਵੀਰੋ ਅਤੇ ਭੈਣੋ ਵੀਚਾਰ ਤੋਂ ਕੰਮ ਲਵੋ, ਜਾਤ ਪਾਤ ਅਤੇ ਛੂਤ ਛਾਤ ਦਾ ਭਰਮ ਤਾਂ ਖਾਲਸਾ ਧਰਮ ਦੇ ਪਹਿਲੇ ਗਵਰਨਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਸਾਢੇ ਚਾਰ ਸੌ ਬਰਸ ਪਹਿਲਾਂ ਹੀ ਦੂਰ ਕਰ ਦਿਤਾ ਸੀ, ਅਤੇ ਜੋ ਕੁਛ ਬਾਕੀ ਰਹਿ ਗਿਆ ਸੀ ਉਹ ਦਸਵੇਂ ਲਾਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੂਰ ਕਰ ਦਿਤਾ। ਇਨ੍ਹਾਂ ਰੱਬੀ ਗਵਰਨਰਾਂ ਜੋ ਕਾਨੂੰਨ ਬਣਾਏ ਹਨ ਉਹ ਸ੍ਰੀ

Digitized by Panjab Digital Library | www.panjabdigilib.org

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਜੋ ਸਾਰੇ ਸਿਖਾਂ ਨੂੰ ਵਿਚਾਰਕੇ ਪੜ੍ਹਨਾ ਚਾਹੀਦਾ ਹੈ।

ਸਾਡੇ ਸਤਿਗੁਰਾਂ ਨੇ ਤਾਂ ਸਾਨੂੰ ਖਾਲਸਾ ਬਣਾਕੇ ਖਾਲਸ ਕਰ ਦਿਤਾ ਸੀ। ਜਾਤ ਪਾਤ ਅਤੇ ਛੂਤ ਤੋਂ ਅਸੀਂ ਇਨ੍ਹਾਂ ਬਾਤਾਂ ਤੋਂ ਪਾਕ ਨਾ ਹੋਏ, ਸਗਵਾਂ ਛੂਤ ਛਾਤ ਵਿਚ ਹਿੰਦੂਆਂ ਨਾਲੋਂ ਵਧਕੇ ਪੈਰ ਮਾਰਨ ਲਗ ਪਏ। ਇਸਦਾ ਕਾਰਨ ਇਹੋ ਹੀ ਹੈ ਕਿ ਅਸੀਂ ਹਿੰਦੂਆਂ ਤੋਂ ਸਿਖ ਬਣੇ ਹਾਂ, ਸਿਖ ਬਣਕੇ ਭੀ ਹਿਦੂਆਂ ਵਾਲੀਆਂ ਕਈ ਰੀਤਾਂ ਅਤੇ ਛੂਤ ਛਾਤ ਦੇ ਭਰਮ ਨ ਛਡੇ। ਬਹੁਤ ਸਿਖਾਂ ਦੇ ਸਾਕ ਨਾਤੇ ਭੀ ਹਿੰਦੂਆਂ ਨਾਲ ਹੁੰਦੇ ਰਹੇ, ਜਿਨ੍ਹਾਂ ਨੂੰ ਸਹਿਜਧਾਰੀ ਸਿਖ ਭੀ ਆਖਦੇ ਹਨ ਜੋ ਨ ਤਾਂ ਪੂਰੇ ਸਿਖ ਹੀ ਹਨ ਅਤੇ ਨਾਂ ਪੂਰੇ ਹਿੰਦੂ । ਵਿਆਹ ਸ਼ਾਦੀਆਂ ਹਿੰਦੂ ਰੀਤੀਆਂ ਨਾਲ ਹੁੰਦੀਆਂ ਰਹੀਆਂ। ਮ੍ਰਿਤਕ ਸੰਸਕਾਰ ਸਿਖਾਂ ਦੇ ਗਲਾਂ ਵਿਚ ਜਨੇਊ ਪਾ ਪਾਕੇ ਹੁੰਦੇ ਰਹੇ ਅਤੇ ਕਈ ਥਾਈਂ ਅਜੇ ਤਕ ਭੀ ਹੁੰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਕਾਰਜ ਮਿਲ-ਗੋਭਾ ਹੀ ਰਿਹਾ । ਸਿਖਾਂ ਦੇ ਰਾਜ ਦੇ ਵੇਲੇ ਭੀ ਛੂਤ ਛਾਤ ਦਾ ਭੂਤ ਅਤੇ ਹਿੰਦੂ ਰੀਤੀਆਂ ਦਾ ਰਵਾਜ ਜੋਰਾਂ ਪਰ ਰਿਹਾ। ਹੁਣ ਵਿਦਿਆ ਦੇ ਪਰਚਾਰ ਨਾਲ ਸਿਖਾਂ ਨੂੰ ਕੁਝ ਕੁਝ ਆਪਣੇ ਧਰਮ ਦੀ ਸੋਝੀ ਪਈ ਹੈ ਅਤੇ ਬੰਧਨਾਂ ਵਿਚੋਂ ਨਿਕਲਨ ਦਾ ਜਤਨ ਕਰ ਰਹੇ ਹਨ। ਅਜੇ ਭੀ ਬਹੁਤ ਸਾਰੇ ਸਿਖ ਜਾਤ ਪਾਤ ਅਤੇ ਛੂਤ ਛਾਤ ਦੇ ਭਗਤ ਬਣੇ ਹੋਏ ਹਨ, ਅਤੇ ਜੇ ਉਨ੍ਹਾਂ ਨੂੰ ਕਹੀਏ ਕਿ ਛੂਤ ਕੋਈ ਚੀਜ਼ ਨਹੀਂ ਹੈ ਤਾਂ ਅਗੋਂ ਕੋਈ ਤਸੱਲੀ ਬਖਸ਼ ਜਵਾਬ ਤਾਂ ਦਿੰਦੇ ਨਹੀਂ ਸਗਵਾਂ ਬੁਰਾ ਭਲਾ ਕਹਿਣ ਲਗ ਜਾਂਦੇ ਹਨ।

Digitized by Panjab Digital Library | www.panjabdigilib.org

ਦਸਮੇਸ਼ ਪਿਤਾ ਜੀ ਨੇ ਜਾਤ ਪਾਤ ਦਾ ਫਰਕ ਬਿਲਕੁਲ ਉਡਾ ਦਿਤਾ ਹੈ। ਪਿਛਲੀਆਂ ਜਾਤਾਂ ਤੋੜਕੇ ਅੰਮ੍ਰਿਤ ਛਕਾ ਕੇ ਇਕੋ ਸ੍ਰੇਣੀ ਦੇ ਅਰਥਾਤ ਖਾਲਸਾ ਬਣਾ ਦਿਤੇ । ਅੰਮ੍ਰਿਤ ਸਿਰਫ ਇਕੋ ਜਾਤ ਦੇ ਆਦਮੀਆਂ ਨੂੰ ਹੀ ਨਹੀਂ ਛਕਾਇਆ ਸਗਵਾਂ ਨਾਈ, ਛੀਂਬੇ, ਝੀਉਰ, ਜੱਟ, ਖੱਤ੍ਰੀ ਆਦਿਕ ਸਾਰੀਆਂ ਜਾਤਾਂ ਨੂੰ ਅੰਮ੍ਰਿਤ ਛਕਾਕੇ ਉਚੀਆਂ ਨੀਵੀਆਂ ਜਾਤਾਂ ਦਾ ਫਰਕ ਮਿਟਾ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਜੇ ਕਦੇ ਜਾਤਾਂ ਕਾਇਮ ਰਖਣ ਦਾ ਖਿਆਲ ਹੁੰਦਾ ਤਾਂ ਅੰਮ੍ਰਿਤ ਸਿਰਫ ਕਿਸੇ ਉੱਚੀ ਜਾਤ ਦੇ ਆਦਮੀਆਂ ਨੂੰ ਹੀ ਛਕਾਉਂਦੇ ਪ੍ਰੰਤੂ ਉਨ੍ਹਾਂ ਨੇ ਤਾਂ ਇਹ ਭਰਮ ਤੋੜਨਾ ਸੀ।

ਇਸ ਤਰ੍ਹਾਂ ਦਸਮੇਸ ਪਿਤਾ ਜੀ ਨੇ ਤਾਂ ਸਾਡੇ ਵਿਚੋਂ ਜਾਤਾਂ ਦਾ ਭਰਮ ਕਢ ਦਿਤਾ ਸੀ ਪਰ ਇਹ ਸਾਡੀ ਹੀ ਕਮਜ਼ੋਰੀ ਹੈ ਜੋ ਅਸਾਂ ਨੇ ਪਿਛਲੀਆਂ ਜਾਤਾਂ ਨੂੰ ਕੈਮ ਰਖਿਆ ਅਤੇ ਆਪਸ ਵਿਚ ਵਿਆਹ ਸ਼ਾਦੀਆਂ ਨਾਂ ਕੀਤੀਆਂ ।

## ਜਾਤਾਂ ਦਾ ਬੰਧਨ ਕਿਸਤਰਾਂ ਟੁੱਟ ਸਕਦਾ ਹੈ ?

ਜਾਤਾਂ ਦਾ ਬੰਧਨ ਤੋੜਨਾ ਇਕ ਬੜਾ ਹੀ ਮੁਸ਼ਕਿਲ ਕੰਮ ਹੈ। ਕਈਆਂ ਆਦਮੀਆਂ ਨੇ ਹੌਂਸਲੇ ਕੀਤੇ ਭੀ ਹਨ ਪਰ ਕਾਮਯਾਬੀ ਨਹੀਂ ਹੋਈ ਸਗਵਾਂ ਤਕਲੀਫਾਂ ਹੋਈਆਂ ਹਨ। ਅਜ ਕਲ ਕਈ ਆਦਮੀ ਜਾਤਾਂ ਦਾ ਬੰਧਨ ਤੋੜਨਾ ਚਾਹੁੰਦੇ ਹਨ, ਪਰ ਇਸਤ੍ਰੀ ਜਾਤੀ ਵਲੋਂ ਬਹੁਤ ਵਿਰੋਧਤਾ ਹੁੰਦੀ ਹੈ।ਜੇ ਉਚੀ ਜਾਤ ਦੀਆਂ ਇਸਤ੍ਰੀਆਂ ਵਿਚ ਛੋਟੀ ਜਾਤ ਦੀ ਇਸਤ੍ਰੀ ਵਿਆਹੀ ਆ ਜਾਂਦੀ ਹੈ ਤਾਂ ਉਸਨੂੰ ਉਨ੍ਹਾਂ ਵਿਚ ਰਹਿਣਾ

Digitized by Panjab Digital Library | www.panjabdigilib.org

ਮੁਸ਼ਕਿਲ ਹੋ ਜਾਂਦਾ ਹੈ। ਕਈ ਪ੍ਰਕਾਰ ਦੇ ਤਾਹਨੇ ਮੇਹਣੇ ਸਹਾਰਨੇ ਪੈਂਦੇ ਹਨ, ਤੇ ਇਨ੍ਹਾਂ ਤੋਂ ਨੀਵੀਂ ਹੋਕੇ ਰਹਿਣਾ ਪੈਂਦਾ ਹੈ। ਇਸ ਵਾਸਤੇ ਜਦ ਤਾਈਂ ਇਸਤ੍ਰੀ ਜਾਤੀ ਵਿਚ ਵਿਦਿਆਦਾ ਪ੍ਰਚਾਰ ਚੰਗੀਤਰ੍ਹਾਂ ਨਹੀਂ ਹੋ ਜਾਂਦਾ ਅਤੇ ਉਨ੍ਹਾਂ ਵਿਚ ਉਚੇ ਅਤੇ ਸੁਤੰਤ੍ਰ ਖਿਆਲ ਨਹੀਂ ਆ ਜਾਂਦੇ ਤਦ ਤਾਈਂ ਜਾਤਾਂ ਦਾ ਟੁਟਣਾ ਮੁਸ਼ਕਿਲ ਹੈ। ਇਹ ਗਲ ਸਾਫ ਹੈ ਕਿ ਜਦ ਤਾਈਂ ਆਪਸ ਵਿਚ ਵਿਆਹ ਸ਼ਾਦੀਆਂ ਨਹੀਂ ਹੁੰਦੀਆਂ ਤਦ ਤਾਈਂ ਜਾਤਾਂ ਦਾਭਰਮ ਨਿਕਲਣਦੀਆਸ ਰਖਣੀ ਬੇਫਾਇਦਾ ਹੈ। ਛੂਤ ਛਾਤ ਦਾ ਭਰਮ ਭੀ ਇਸਤ੍ਰੀ ਜਾਤੀ ਵਿਚ ਮਰਦਾਂ ਨਾਲੋਂ ਜ਼ਿਆਦਾ ਪਾਇਆ ਜਾਂਦਾ ਹੈ। (ਘਟ ਤੋਂ ਘਟ ਸਾਨੂੰ ਬਰਮਾਂ ਨਿਵਾਸੀ ਸਿਖਾਂ ਨੂੰ ਤਾਂ ਜਾਤ ਪਾਤ ਦਾ ਲਿਹਾਜ਼ ਛਡਕੇ ਸ਼ਾਦੀਆਂ ਕਰਨੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਖਾਲਸਾ ਦੀਵਾਨ ਬਰਮਾਂ ਨੂੰ ਸਾਲਾਨਾ ਸਮਾਗਮ ਵਿਚ ਏਹ ਮਤਾ ਪਾਸ ਕਰਨਾ ਚਾਹੀਏ ਤਾਕਿ ਬਰਮਾਂ ਵਿਚੋਂ ਤਾਂ ਇਹ ਝਗੜਾ ਹਟੇ) ਜਾਤ ਪਾਤ ਸਿਰਫ ਦੁਨਿਆਵੀ ਜੀਵਨ ਵਿਚ ਹੀ ਦੁਖਾਂ ਦਾ ਕਾਰਨ ਹੈ, ਧਰਮ ਨਾਲ ਇਸਦਾ ਕੋਈ ਸੰਬੰਧ ਨਹੀਂ। ਅਕਾਲ ਪੁਰਖ ਦੀ ਦਰਗਾਹ ਵਿਚ ਉਚੇ ਨੀਵੇਂ ਸਭ ਇਕ ਬਰਾਬਰ ਹਨ। ਓਥੇ ਤਾਂ ਕਰਮਾਂ ਪਰ ਨਬੇੜਾ ਹੁੰਦਾ ਹੈ, ਜਾਤ ਪਾਤ ਨੂੰ ਕੋਈ ਨਹੀਂ ਪੁਛਦਾ। ਗੁਰਬਾਣੀ ਵਿਚ ਜੋ ਕੁਛ ਜਾਤਾਂ ਦੀ ਬਾਬਤ ਲਿਖਿਆ ਹੈ। ਉਹ ਆਪ ਸਜਨ ਰਾਤ ਦਿਨੇ ਪੜ੍ਹਦੇ ਹੀ ਰਹਿੰਦੇ ਹੋ ਉਨ੍ਹਾਂ ਸ਼ਬਦਾਂ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ, ਨਮੂਨੇ ਵਜੋਂ ਕੁਛ ਤੁਕਾਂ ਹੇਠਾਂ ਲਿਖੀਆਂ ਜਾਂਦੀਆਂ ਹਨ:—

Digitized by Panjab Digital Library | www.panjabdigilib.org

"ਫਕੜ ਜਾਤੀ ਫਕੜ ਨਾਉ॥ ਸਭਨਾਂ ਜੀਆ ਇਕਾ ਛਾਉ॥ ਉਆ ਤੇ ਉਤਮ ਗਨਉ ਚੰਡਾਲਾ ਨਾਨਕ ਜਿਹ ਮਨ ਬਸਹਿ ਗੋਪਾਲਾ॥"

"ਜਾਣਹੁ ਜੋਤਿ ਨ ਪੂਛਹੁ ਜਾਤੀ, ਅਗੇ ਜਾਤ ਨ ਹੇ॥ ਅਗੈ ਜਾਤ ਰੂਪ ਨ ਜਾਇ, ਤੇਹਾ ਹੋਵੈ ਜੇਹੇ ਕਰਮ ਕਮਾਇ॥ ਬਿਨ ਨਾਵੈ ਸਭ ਨੀਚ ਜਾਤ ਹੈ, ਬਿਸਟਾ ਕਾ ਕੀੜਾ ਹੋਇ॥ ਬ੍ਰਾਹਮਣ, ਖਤ੍ਰੀ, ਸੂਦ, ਵੈਸ ਚਾਰ ਵਰਨ, ਚਾਰ ਆਸ਼੍ਰਮ ਹਹਿ, ਹਰ ਧਿਆਵੈ ਸੋ ਪ੍ਰਧਾਨ॥ ਅਗੇ ਜਾਤ ਨ ਜੋਰ ਹੈ, ਅਗੈ ਜੀਉ ਨਵੇ॥ ਜਿਨਕੀ ਲੇਖੈ ਪਤ ਪਵੈ ਚੰਗੇ ਸੇਈ ਕੇ" ॥

## ਛੂਤ ਛਾਤ ਤੇ ਜੂਠ

ਇਕ ਬਰਤਨ ਵਿਚ ਕਠੇ ਬੈਠਕ ਛਕਣਾ, ਜਾਂ ਕਿਸੇ ਦੇ ਜੂਠੇ ਬਰਤਨਾਂ ਵਿਚ ਛਕ ਲੈਣਾ ਜੂਠ ਗਿਣਿਆਂ ਜਾਂਦਾ ਹੈ, ਅਤੇ ਕਿਸੇ ਨੀਚ ਜਾਤੀ ਦ ਹਥ ਦਾ ਲੈਕੇ ਖਾਣਾ ਛੂਤ ਵਿਚ ਦਾਖਲ ਹੈ ਇਸ ਲਈ ਛੂਤ ਅਤੇ ਜੂਠ ਦੋ ਅਡ ੨ ਬਾਤਾਂ ਹਨ। ਛੂਤ ਛਾਤ ਦੇ ਭਗਤ ਬਰਮੇਂ, ਮੁਸਲਮਾਨ, ਕ੍ਰਿਸਚੀਅਨ ਆਦਿਕਾਂ ਨੂੰ ਨੀਵੀਂ ਜਾਤ ਦੇ ਅਤੇ ਅਪਵਿਤ੍ਰ ਸਮਝਦੇ ਹਨ ਅਤੇ ਆਪਣ ਆਪਨੂੰ ਉਨ੍ਹਾਂ ਨਾਲੋਂ ਉਚੇ ਅਤੇ ਸੁਚੇ ਸਮਝਦੇ ਹਨ। ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਸਿਖ ਹੋਕੇ ਐਸਾ ਖਿਆਲ ਕਰਨਾ ਗੁਰਮਤ ਦੇ ਵਿਰੁਧ ਹੈ। ਆਪਣੇ ਆਪਨੂੰ ਉਚਾ ਸਮਝਕੇ ਉਚੇ ਨਹੀਂ ਬਣ ਸਕੀਦਾ। ਸਗੋਂ ਜੇਹੜਾ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ ਉਹੋ ਹੀ ਸਭ ਤੋਂ

Digitized by Panjab Digital Library | www.panjabdigilib.org

ਉਚਾ ਹੈ। ਯਥਾ ਗੁਰਵਾਕ:—

"ਆਪਸ ਕਉ ਜੋ ਜਾਣੈ ਨੀਚਾ, ਸੋਊ ਗਨੀਐ ਸਭ ਤੇ ਊਚਾ॥ ਆਪਸ ਕਉ ਕਰਮ ਵੰਤ ਕਹਾਵੈ। ਜਨਮ ਮਰੈ ਬਹੁ ਜੋਨਿ ਭ੍ਰਮਾਵੈ ॥ ਕਿਸੇ ਨ ਬਦੈ ਆਪ ਅਹੰਕਾਰੀ, ਧਰਮ ਰਾਇ ਤਿਸ ਕਰੇ ਖੁਆਰੀ॥ ਆਪਸ ਕਉ ਜੋ ਭਲਾ ਕਹਾਵੈ, ਤਿਸੈ ਭਲਾਈ ਨਿਕਟ ਨ ਆਵੈ" ॥

ਤਨਖਾਹੀਏ ਹੋਣਾ ਅਤੇ ਮੁੜਕੇ ਅੰਮ੍ਰਿਤ ਛਕਣਾ ਭੀ ਦੋ ਅਡ ਅਡ ਕਸੂਰ ਹਨ। ਸਿੰਘਾਂ ਵਾਸਤੇ ਚਾਰ ਵਡੀਆਂ ਕੁਰਹਿਤਾਂ ਇਹ ਦਸੀਆਂ ਗਈਆਂ ਹਨ:—

(੧) ਕੇਸਾਂ ਦੀ ਬੇ-ਅਦਬੀ।
(੨) ਤਮਾਕੂ ਪਾਨ ।
(੩) ਕੁੱਠਾ ਖਾਣਾ।
੪) ਪਰਤ੍ਰਿਆ ਗਮਨ।

ਜੇਹੜਾ ਸਿੰਘ ਏਹਨਾਂ ਚਾਰ ਕੁਰਹਿਤਾਂ ਵਿਚੋਂ ਕੋਈ ਕੁਰਹਿਤ ਕਰੇ ਉਹ ਮੁੜਕੇ ਅੰਮ੍ਰਿਤ ਛਕਣ ਦਾ ਅਧਕਾਰੀ ਹੁੰਦਾ ਹੈ। ਇਨ੍ਹਾਂ ਤੋਂ ਬਿਨਾਂ ਹੋਰ ਛੋਟੀਆਂ ਕੁਰਹਿਤਾਂ ਭੀ ਹਨ। ਅਤੇ ਜੇ ਕੋਈ ਉਨ੍ਹਾਂ ਵਿਚੋਂ ਕੋਈ ਕੁਰਹਿਤ ਕਰ ਬੈਠੇ ਤਾਂ ਉਸਨੂੰ ਤਨਖਾਹ ਲਾਈ ਜਾਂਦੀ ਹੈ। ਸ਼ੁਰੂ ਵਿਚ ਪੁਛੇ ਸਵਾਲਾਂ ਦੀਆਂ ਕੁਰਹਿਤਾਂ ਕਰਕੇ ਮੁੜਕੇ ਅੰਮ੍ਰਿਤ ਛਕਣ ਦਾ ਅਧਕਾਰੀ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਵਿਚੋਂ ਕੋਈ ਵੀ ਕੁਰਹਿਤ ਚਾਰ ਵਡੀਆਂ ਕੁਰਹਿਤਾਂ ਵਿਚੋਂ ਨਹੀਂ ਹੈ। ਉਪਰ ਲਿਖੀਆਂ ਸਾਰੀਆਂ ਬਾਤਾਂ ਜੂਠ ਜਾਂ ਛੂਤ ਨਾਲ ਤਅਲਕ ਰਖਦੀਆਂ

Digitized by Panjab Digital Library | www.panjabdigilib.org

ਹਨ। ਹੁਣ ਵਿਚਾਰ ਏਹ ਹੈ ਕਿ ਜੂਠ ਜਾਂ ਛੂਤ ਅਸਲ ਵਿਚ ਕੋਈ ਚੀਜ਼ ਹੈ ਜਾਂ ਨਹੀਂ। ਸਿਖਾਂ ਵਿਚ ਜੂਠ ਅਤੇ ਛੂਤ ਮੰਨੀ ਜਾਂਦੀ ਨਹੀਂ ਮਿਲਦੀ। ਦਸਾਂ ਗੁਰੂ ਸਾਹਿਬਾਨਾਂ ਦੀ ਬਾਣੀ ਤੋਂ ਬਿਨਾਂ ਭਾਈ ਗੁਰਦਾਸ ਜੀ ਦੀ ਬਾਣੀ ਅਤੇ ਭਾਈ ਨੰਦ ਲਾਲ ਜੀ ਦੀ ਬਾਣੀ ਪ੍ਰਮਾਣੀਕ ਮੰਨੀ ਜਾਂਦੀ ਹੈ। ਇਨ੍ਹਾਂ ਦੀ ਬਾਣੀ ਵਿਚ ਭੀ ਜੂਠ ਅਤੇ ਛੂਤ ਦਾ ਪਰਹੇਜ਼ ਕਰਨਾਂ ਨਹੀਂ ਮਿਲਦਾ।

ਸਿਖਾਂ ਦੀ ਰਹਿਤ ਬਹਿਤ ਵਾਸਤੇ ਦਸਵੇਂ ਪਾਤਸ਼ਾਹ ਦਾ ਆਪਣਾ ਬਣਾਇਆ ਹੋਇਆ ਧਰਮ ਸ਼ਾਸਤ੍ਰ ਕੋਈ ਨਹੀਂ ਹੈ। ਜਿਤਨੇ ਭੀ ਰਹਿਤਨਾਮੇ ਹਨ ਸਿਖਾਂ ਦੇ ਬਣਾਏ ਹੋਏ ਹਨ। ਇਹ ਇਕ ਸੋਚਣ ਦੀ ਬਾਤ ਹੈ ਕਿ ਜਦ ਸਿਖਾਂ ਦੀ ਬਣਾਈ ਹੋਈ ਬਾਣੀ ਪ੍ਰਮਾਣੀਕ ਨਹੀਂ ਹੈ ਤਾਂ ਸਿਖਾਂ ਦੇ ਬਣਾਏ ਹੋਏ ਰਹਿਤਨਾਮੇਂ ਕਿਸਤਰ੍ਹਾਂ ਪ੍ਰਮਾਣੀਕ ਹੋ ਸਕਦੇ ਹਨ ? ਦਸਵੇਂ ਪਾਤਸ਼ਾਹ ਨੇ ਰਹਿਤਨਾਮਾ ਕਿਉਂ ਨਹੀਂ ਬਣਾਇਆ। ਇਸਦਾ ਕਾਰਨ ਇਹੋ ਹੀ ਮਲੂਮ ਹੁੰਦਾ ਹੈ ਕਿ ਉਨ੍ਹਾਂ ਦੀ ਮਨਸ਼ਾ ਸਿੰਘਾਂ ਨੂੰ ਕਿਸੇ ਕਿਸਮ ਦੇ ਬੰਧਨਾਂ ਵਿਚ ਜਕੜਨ ਦੀ ਨਹੀਂ ਸੀ। ਨਹੀਂ ਤਾ ਉਹ ਜ਼ਰੂਰ ਹੀ ਅਪਣੀ ਵਲੋਂ ਇਕ ਰਹਿਤ ਮਰਯਾਦਾ ਸ਼ਾਸਤ੍ਰ ਬਣਾ ਜਾਂਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਗੁਰਿਆਈ ਦੇਕੇ ਸਭ ਤੋਂ ਵਡਾ ਧਰਮ ਸ਼ਾਸਤ੍ਰ ਸਾਨੂੰ ਬਖਸ਼ਿਆ ਹੈ ਜੋ ਇਨਸਾਨੀ ਪ੍ਰਮਾਰਥਕ ਅਤੇ ਵਿਹਾਰਕ ਨਿਯਮਾਂ ਦਾ ਖਜ਼ਾਨਾ ਹੈ। ਜਿਸ ਵਿਚ ਇਨਸਾਨੀ ਜ਼ਿੰਦਗੀ ਦੇ ਹਰ ਪ੍ਰਕਾਰ ਦੇ ਨਿਯਮ ਮਿਲ ਸਕਦੇ ਹਨ। ਜੋ ਨਿਯਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

Digitized by Panjab Digital Library | www.panjabdigilib.org

ਵਿਚ ਸਾਡੇ ਵਾਸਤੇ ਦਸੇ ਗਏ ਹਨ ਉਨ੍ਹਾਂ ਉਤੇ ਤਾਂ ਸਾਰੇ ਸੱਜਣ ਅਮਲ ਨਹੀਂ ਕਰਦੇ ਅਤੇ ਜਿਨ੍ਹਾਂ ਬਾਤਾਂ ਦਾ ਗੁਰਬਾਨੀ ਵਿਚ ਨਿਖੇਧ ਕੀਤਾ ਗਿਆ ਹੈ ਉਨ੍ਹਾਂ ਮਗਰ ਲਗਕੇ ਬੇ-ਫਾਇਦਾ ਝਗੜਦੇ ਹਨ।

ਦਸਵੇਂ ਪਾਤਸ਼ਾਹ ਦਾ ਏਹ ਉਪਦੇਸ਼—"ਰਹਣੀ ਰਹੇ ਸੋਈ ਸਿਖ ਮੇਰਾ, ਉਹ ਸਾਹਿਬ ਮੈਂ ਉਸਕਾ ਚੇਰਾ" ਗੁਰਬਾਣੀ ਦੇ ਨਿਯਮਾਂ ਅਨੁਸਾਰ ਰਹਿਣ ਵਲ ਇਸ਼ਾਰਾ ਕਰਦਾ ਹੈ। ਨੀਚ ਜਾਤੀਆਂ ਨਾਲ ਲਗਕੇ ਭਿਟੇ ਜਾਣ ਵਲ ਇਸ਼ਾਰਾ ਨਹੀਂ ਕਰਦਾ। ਦੇਖੋ ਗੁਰਬਾਣੀ ਕੀ ਆਖਦੀ ਹੈ:—

"ਅਵਲ ਅਲਹ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ॥ ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ॥ ਲੋਗਾ ਭਰਮ ਨ ਭੂਲਹੁ ਭਾਈ॥ ਖਾਲਕ ਖਲਕ, ਖਲਕ ਮਹਿ ਖਾਲਕ ਪੂਰ ਰਹਿਓ ਸਰਬ ਠਾਈ॥ ਮਾਟੀ ਏਕ ਅਨੇਕ ਭਾਂਤ ਕਰ ਸਾਜੀ ਸਾਜਨ ਹਾਰੇ॥ ਨ ਕਛੁ ਪੋਚ ਮਾਟੀ ਕੇ ਭਾਂਡੇ ਨ ਕਛੁ ਪੋਚ ਕੁੰਭਾਰੇ॥ ਸਭ ਮਹਿ ਸਚਾ ਏਕੋ ਸੋਈ॥ ਤਿਸਕਾ ਕੀਆ ਸਭ ਕਿਛ ਹੋਈ"॥

ਜੇ ਕਦੇ ਉਚ ਨੀਚ ਜਾਂ ਛੂਤ ਛਾਤ ਦਾ ਫਰਕ ਅਕਾਲ ਪੁਰਖ ਦੀ ਦਰਗਾਹ ਵਿਚ ਹੁੰਦਾ ਤਾਂ ਨੀਚ ਜਾਤ ਦੇ ਭਗਤਾਂ, ਹਰੀ ਦੇ ਪਿਆਰਿਆਂ ਨੂੰ ਉਸਦੀ ਦਰਗਾਹ ਵਿਚ ਮਾਣ ਨਾਂ ਮਿਲਦਾ, ਪ੍ਰੰਤੂ ਮੁਆਮਲਾ ਇਸਦੇ ਬਿਲਕੁਲ ਉਲਟ ਹੈ। ਸਗੋਂ ਨੀਚ ਜਾਤਾਂ ਵਿਚ ਪ੍ਰਮੇਸ਼ੂਰ ਦੇ ਪਿਆਰੇ ਬਹੁਤ ਮਿਲਦੇ ਹਨ। ਇਸਦਾ ਕਾਰਨ ਇਹੋ ਮਲੂਮ ਹੁੰਦਾ ਹੈ ਕਿ ਉਨ੍ਹਾਂ ਦੇ

Digitized by Panjab Digital Library | www.panjabdigilib.org

ਦਿਲਾਂ ਵਿਚ ਜਾਤ ਦਾ ਭਰਮ ਨਹੀਂ ਹੁੰਦਾ, ਸਗੋਂ ਨਿਮਰਤਾ ਹੁੰਦੀ ਹੈ। ਇਸੇ ਜਾਤ ਪਾਤ ਅਤੇ ਛੂਤ ਛਾਤ ਦੇ ਭਰਮ ਨੂੰ ਤੋੜਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੀਚ ਜਾਤੀ ਦੇ ਭਗਤਾਂ ਦੀ ਬਾਣੀ ਪਾਕੇ ਉਨ੍ਹਾਂ ਨੂੰ ਸਮਾਨਤਾ ਬਖਸ਼ੀ।

ਅਸੀਂ ਰਬੀ ਅਸੂਲਾਂ ਉਤੇ ਚਲਕੇ ਪ੍ਰਮੇਸ਼ਵਰ ਨੂੰ ਖੁਸ਼ ਕਰਨਾ ਹੈ ਨਾਂ ਕਿ ਕਰਤਾਰ ਦੇ ਪੈਦਾ ਕੀਤੇ ਹੋਏ ਸਾਡੇ ਵਰਗੇ ਹੀ ਇਨਸਾਨਾਂ ਨੂੰ ਨੀਚ ਅਤੇ ਭ੍ਰਿਸ਼ਟ ਸਮਝਕੇ ਉਨ੍ਹਾਂ ਤੋਂ ਨਫਰਤ ਕਰਕੇ ਪ੍ਰਮੇਸ਼ਵਰ ਦੀ ਕ੍ਰੋਪਤਾ ਦੇ ਭਾਗੀ ਬਨਣਾ ਹੈ। ਜਿਨ੍ਹਾਂ ਦੀ ਛੂਤ ਨਾਲ ਅਸੀਂ ਭਿਟੇ ਜਾਂਦੇ ਹਾਂ। ਅਤੇ ਸਾਡੀ ਸੁਚਮਤਾਈ ਦੂਰ ਹੋ ਜਾਂਦੀ ਹੈ ਉਹ ਇਨਸਾਨ ਰੱਬ ਨੂੰ ਸਾਡੇ ਨਾਲੋਂ ਕੁਛ ਘਟ ਪਿਆਰੇ ਨਹੀਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ ਪੰਜਾਂ ਪਿਆਰਿਆਂ ਦੀ ਚੋਣ ਕੀਤੀ ਸੀ ਤਾਂ ਇਹ ਨਹੀਂ ਸੀ ਆਖਿਆ ਕਿ ਤੂੰ ਛੋਟੀ ਜਾਤ ਦਾ ਹੈਂ ਤੈਨੂੰ ਨਹੀਂ ਲੀਤਾ ਜਾਵੇਗਾ। ਇਸਤੋਂ ਮਲੂਮ ਹੁੰਦਾ ਹੈ ਕਿ ਅਕਾਲ ਪੁਰਖ ਨੂੰ ਉਚ ਨੀਵੇਂ ਸਾਰੇ ਇਕ ਬਰਾਬਰ ਹਨ, ਫੇਰ ਸਾਨੂੰ ਕੀ ਲਾਭ ਹੋਵੇਗਾ ਜੋ ਅਸੀਂ ਖਾਲਕ ਦੀ ਖਲਕਤ ਨਾਲ ਨਫਰਤ ਕਰਕੇ ਪਾਪੀ ਬਣੀਏ।

ਆਉ ਹੁਣ ਗੁਰਬਾਣੀ ਦੁਆਰਾ ਵੀਚਾਰੀਏ ਕਿ ਸਿਖ ਧਰਮ ਵਿਚ ਕੇਹੜੀ ਸੁਚਮ ਨੂੰ ਮੰਨਿਆਂ ਗਿਆ ਹੈ। ਸਿਖ ਧਰਮ ਵਿਚ ਬਾਹਰਲੀ ਛੂਤ ਛਾਤ ਅਤੇ ਖਾਣ ਪੀਣ ਦੇ ਪਰਹੇਜ਼ ਵਾਲੀ ਸੁਚਮ ਨੂੰ ਨਹੀਂ ਮੰਨਿਆ। ਸਿਰਫ ਮਨ ਦੀ ਪਵਿਤ੍ਰਤਾ ਨੂੰ ਮੁਖ ਰਖਿਆ ਹੈ। ਇਕ ਮਨ ਦੀ ਪਵਿਤ੍ਰਤਾ ਨੇ ਸਾਡੇ ਨਾਲ ਜਾਣਾ ਹੈ। ਸਰੀਰ ਦੀ ਪਵਿਤ੍ਰਤਾ ਨੇ ਸਰੀਰ ਨਾਲ ਏਥੇ ਹੀ

Digitized by Panjab Digital Library | www.panjabdigilib.org

ਰਹਿ ਜਾਣਾ ਹੈ। ਦੇਖੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੇਸ ਰਟਨ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ। ਜਨਮ ਸਾਖੀਆਂ ਵਿਚ ਲਿਖਿਆ ਹੈ ਕਿ ਦੇਸਾਂ ਦੀ ਯਾਤਰਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਨਾਲ ਇਕ ਹਿੰਦੂ ਭਾਈ ਬਾਲਾ ਅਤੇ ਇਕ ਮੁਸਲਮਾਨ ਭਾਈ ਮਰਦਾਨੇ ਨੂੰ ਰਖਿਆ ਅਤੇ ਮੁਸਲਮਾਨ ਨੂੰ ਨਾਲ ਰਖਕੇ ਛੂਤ ਛਾਤ ਦੇ ਭਰਮ ਨੂੰ ਸਦਾ ਲਈ ਤੋੜ ਦਿਤਾ। ਭਾਈ ਬਾਲਾ ਹਮੇਸ਼ਾ ਗੁਰੂ ਜੀ ਦੇ ਪਾਸ ਰਿਹਾ ਕਰਦਾ ਸੀ, ਭੋਜਨ ਆਦਿਕ ਅਕਸਰ ਭਾਈ ਮਰਦਾਨਾ ਹੀ ਲਿਆਇਆ ਕਰਦਾ ਸੀ, ਜੋ ਜਾਤ ਦਾ ਡੂਮ ਸੀ। ਜੇ ਗੁਰੂ ਜੀ ਨੂੰ ਉਚੀ ਨੀਵੀਂ ਜਾਤ ਜਾਂ ਛੂਤ ਛਾਤ ਦਾ ਖਿਆਲ ਹੁੰਦਾ ਤਾਂ ਇਕ ਮੁਸਲਮਾਨ ਨੂੰ ਆਪਣੇ ਨਾਲ ਕਦ ਭੀ ਨਾਂ ਰਖਦੇ। ਫਿਰ ਜਦ ਮੁਸਲਮਾਨ ਦੇਸਾਂ ਵਿਚ ਜਾਂਦੇ ਸਨ ਤਾਂ ਮੁਸਲਮਾਨਾਂ ਦਾ ਪਕਾ ਹੋਇਆ ਭੋਜਨ ਹੀ ਛਕਦੇ ਸਨ, ਚੌਕਾ ਦੇਕੇ ਆਪ ਆਪਣੇ ਹਥਾਂ ਨਾਲ ਪਕਾਕੇ ਨਹੀਂ ਖਾਂਦੇ ਸਨ। ਉਨ੍ਹਾਂ ਨੂੰ ਛੂਤ ਛਾਤ ਦਾ ਕੁਛ ਪ੍ਰਹੇਜ਼ ਨਹੀਂ ਸੀ ਜੋ ਉਨ੍ਹਾਂ ਦੀ ਬਾਣੀ ਤੋਂ ਮਲੂਮ ਹੁੰਦਾ ਹੈ। ਜੇ ਓਹ ਆਪ ਪਰਹੇਜ਼ ਕਰਦੇ ਅਤੇ ਲੋਕਾਂ ਨੂੰ ਪਰਹੇਜ਼ ਕਰਨ ਤੋਂ ਰੋਕਦੇ ਤਾਂ ਉਨ੍ਹਾਂ ਦੀ ਆਪਣੀ ਬਾਣੀ "ਅਵਰ ਉਪਦੇਸੈ ਆਪ ਨ ਕਰੈ, ਆਵਤ ਜਾਵਤ ਜਨਮੈ ਮਰੈ ॥" ਦੇ ਅਨਕੂਲ ਨਾ ਹੁੰਦੀ, ਪਰ ਉਨਾਂ ਨੇ ਤਾਂ ਏਸ ਭਰਮ ਨੂੰ ਜੜ੍ਹਾਂ ਤੋਂ ਪੱਟ ਸੁਟਿਆ ਸੀ, ਜੈਸਾ ਕਿ:—"ਦੇਕੇ ਚੌਕਾ ਕਢੀ ਕਾਰ ਉਪਰ ਆਇ ਬੈਠੇ ਕੂੜਿਆਰ" "ਸੁਚੇ ਏਹ ਨ ਆਖੀਅਨ ਬਹਨ ਜੋ ਪਿੰਡਾ ਧੋਇ" ਆਦਿਕ ਬਾਣੀ ਤੋਂ ਮਲੂਮ ਹੁੰਦਾ ਹੈ। ਜਦ ਉਨ੍ਹਾਂ ਨੇ ਸਾਡੇ ਵਾਸਤੇ ਰਸਤਾ ਸਾਫ ਕਰ

Digitized by Panjab Digital Library | www.panjabdigilib.org

ਦਿਤਾ ਹੈ ਤਾਂ ਜੇ ਅਸੀਂ ਉਨ੍ਹਾਂ ਦੇ ਪੂਰਨਿਆਂ ਪੁਰ ਨਹੀਂ ਤੁਰਾਂਗੇ ਤਾਂ ਅਸੀਂ ਉਨ੍ਹਾਂ ਵਲੋਂ ਬੇਮੁਖ ਹੋਵਾਂਗੇ। ਮੁਸਲਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਪੈਗੰਬਰ ਸਮਝਦੇ ਹਨ ਅਤੇ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਲਮਾਨਾਂ ਨੂੰ ਨੀਚੀ ਜਾਤ ਦੇ ਖਿਆਲ ਕਰਕੇ ਉਨ੍ਹਾਂ ਤੋਂ ਨਫਰਤ ਕਰਦੇ ਜਿਸਤਰਾਂ ਹੁਣ ਅਸੀਂ ਕਰਦੇ ਹਾਂ, ਤਾਂ ਮੁਸਲਮਾਨ ਕਦੇ ਭੀ ਗੁਰੂ ਨਾਨਕ ਦੇਵ ਜੀ ਨਾਲ ਪਿਆਰ ਨ ਕਰਦੇ।

ਗੁਰਾਂ ਦਾ ਉਪਦੇਸ਼ ਕੇਵਲ ਅਕਾਲ ਪੁਰਖ ਦੇ ਸਿਮਰਨ ਦੁਆਰਾ ਅੰਤ੍ਰਸ਼ ਕਰਨ ਨੂੰ ਸ਼ੁਧ ਕਰਨ ਦਾ ਹੈ। ਬਾਹਰ ਦੀ ਸਫਾਈ ਨਾਲ ਸੁਧ ਕਰਨ ਦਾ ਨਹੀਂ। ਜੇ ਅਸੀਂ ਤਨਖਾਹੀਏ ਨਾਲ ਵਰਤਣ ਕਰਕੇ ਤਨਖਾਹੀਏ ਹੋ ਸਕਦੇ ਹਾਂ ਤਾਂ ਅਸੀਂ ਸੁਧ ਕਦੇ ਭੀ ਨਹੀਂ ਰਹਿ ਸਕਦੇ। ਵਡੀਆਂ ਚੌਹਾਂ ਕੁਰਹਿਤਾਂ ਵਿਚੋਂ ਕੇਸਾਂ ਦੀ ਬੇਅਦਬੀ ਹੀ ਇਕਐਸੀ ਕੁਰਹਿਤ ਹੈ ਜੋ ਬਾਹਰੋਂ ਨਜ਼ਰ ਆ ਸਕਦੀ ਹੈ। ਬਾਕੀ ਦੀਆਂ ਤਿੰਨੇ ਕੁਰਹਿਤਾਂ ਕੀਤੀਆਂ ਹੋਈਆਂ ਬਾਹਰੋਂ ਮਲੂਮ ਨਹੀਂ ਹੋ ਸਕਦੀਆਂ ਜਦ ਤਕ ਕਿਸੇਨੇ ਕਰਨ ਵਾਲੇਨੂੰ ਦੇਖਿਆ ਨਾਂ ਹੋਵੇ ਜਾਂ ਕਰਨ ਵਾਲਾ ਆਪ ਨ ਦਸ ਦੇਵੇ ਕਿ ਮੈਂ ਇਹ ਕੁਰਹਿਤ ਕੀਤੀ ਹੈ। ਜੈਸਾ ਕਿ ਤਮਾਕੂ ਪਾਨ. ਕੁਠਾ ਖਾਣਾ, ਅਤੇ ਪਰਤ੍ਰਿਆ ਗਮਨ। ਕਈ ਸਜਨ ਐਸੇ ਭੀ ਹਨ ਜੋ ਇਹ ਕੁਰਹਿਤਾਂ ਕਰਕੇ ਗੁਪਤ ਹੀ ਰਖਦੇ ਹਨ ਅਤੇ ਉਤੋਂ ਬਾਂਕੇ ਸਿੰਘ ਨਜ਼ਰ ਆਉਂਦੇ ਹਨ। ਤਦ ਤਾਂ ਉਨ੍ਹਾਂ ਨਾਲ ਵਰਤਣ ਵਾਲੇ ਸਾਰੇ ਸਿੰਘ ਕੁਰਹਿਤੀਏ ਹੋ ਗਏ।

Digitized by Panjab Digital Library | www.panjabdigilib.org

# ਬਾਹਲੀ ਸੁਚਮ ਦੁਨਿਆਵੀ ਤ੍ਰੱਕੀ ਨੂੰ ਰੋਕਦੀ ਹੈ!

ਜੇ ਸਿਖਾਂ ਨੇ ਛੂਤ ਛਾਤ ਦਾ ਪ੍ਰਹੇਜ਼ ਕਰਕੇ ਬ੍ਰਹਮਣ ਹੀ ਬਣੇ ਰਹਿਣਾ ਹੈ ਤਾਂ ਉਹ ਹੋਰਨਾਂ ਕੌਮਾਂ ਨਾਲ ਮਿਲ ਵਰਤ ਨਹੀਂ ਸਕਦੇ ਅਤੇ ਸੁਚੇ ਬਣੇ ਰਹਿਣ ਵਾਸਤੇ ਉਨ੍ਹਾਂ ਨੂੰ ਇਕੋ ਦੇਸ ਵਿਚ ਜੋ ਸਿਖਾਂ ਦਾ ਹੀ ਹੋਵੇ ਰਹਿਣਾ ਪਊਗਾ। ਨਾ ਉਹ ਆਪਣੇ ਦੇਸ ਵਿਚ ਕਿਸੇ ਹੋਰ ਮਤ ਦੇ ਆਦਮੀ ਨੂੰ ਆਉਣ ਦੇਣਗੇ ਅਤੇ ਨਾ ਉਹ ਕਿਸੇ ਅਨਮਤੀ ਦੇਸ ਵਿਚ ਜਾਣਗੇ ਅਰਥਾਤ ਖੂਹ ਦਾ ਡਡੂ ਹੀ ਬਣਕੇ ਰਹਿਣਗੇ। ਹੁਣ ਭੀ ਛੂਤ ਛਾਤ ਦੇ ਪਕੇ ਸਿੰਘ ਅਪਨਾ ਘਰ ਛਡਕੇ ਹੋਰ ਕਿਤੇ ਨਹੀਂ ਜਾ ਸਕਦੇ, ਜੇ ਜਾਂਦੇ ਭੀ ਹਨ ਤਾਂ ਉਨ੍ਹਾਂ ਦੀ ਸੁਚਮ ਟੁਟ ਜਾਂਦੀ ਹੈ। ਉਨ੍ਹਾਂ ਨੂੰ ਖਾਣ ਪੀਣ ਦੀਆਂ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਅਤੇ ਸਭਯਕ ਦੇਸਾਂ ਵਿਚ ਜਿਥੇ ਸੁਚਮ ਜਾਂ ਛੂਤ ਆਦਿਕ ਦੀ ਕੋਈ ਵਿਚਾਰ ਨਹੀਂ ਹੈ, ਜਾਕੇ ਉਚੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ। ਆਪ ਦੇਖਦੇ ਹੋ ਯੂ. ਪੀ. ਦੇ ਪੂਰਬੀਏ ਜੋ ਹੋਰ ਕਿਸੇ ਦੇ ਹੱਥ ਦਾ ਬਣਿਆ ਹੋਇਆ ਨਹੀਂ ਖਾ ਸਕਦੇ ਦੁਨਿਆਵੀ ਤ੍ਰਕੀ ਕਰਨੋਂ ਕਿਸਤਰਾਂ ਰੁਕੇ ਹੋਏ ਹਨ, ਜੇ ਵਿਚਾਰਿਆਂ ਨੂੰ ਕੁਛ ਦਿਨਾਂ ਦਾ ਸਫਰ ਪੈ ਜਾਂਦਾ ਹੈ ਅਤੇ ਰੋਟੀ ਬਨਾਉਣ ਦਾ ਕੋਈ ਸੰਬੰਧ ਨਹੀਂ ਮਿਲਦਾ ਤਾਂ ਵਿਚਾਰੇ ਭੁਜੇ ਹੋਏ ਦਾਣੇ ਚਬਕੇ ਗੁਜ਼ਾਰਾ ਕਰਦੇ ਹਨ।

ਏਥੇ ਪੂਰਬੀਆਂ ਦੀ ਸੁਚਮ ਦੀ ਇਕ ਬਾਤ ਯਾਦ

Digitized by Panjab Digital Library | www.panjabdigilib.org

ਆਈ ਹੈ, ੧੯੧੧ ਵਿਚ ਜਦ ਮੈਂ ਪੰਜਾਬ ਤੋਂ ਵਾਪਸ ਆ ਰਿਹਾ ਸੀ ਤਾਂ ਜਹਾਜ਼ ਪਰ ਸਾਡੇ ਲਾਗੇ ਇਕ ਹਿੰਦੁਸਤਾਨਣ ਦਾ ਬਿਸਤ੍ਰਾ ਸੀ। ਉਸਦੇ ਪਾਸ ਇਕ ਕਾਲੇ ਰੰਗ ਦੇ ਬਹੁਤ ਹੀ ਮੈਲੇ ਕਪੜੇ ਵਿਚ ਕੋਈ ਖਾਣ ਵਾਲੀ ਚੀਜ਼ ਰਖੀ ਹੋਈ ਸੀ।ਇਕ ਦਿਨਇਕ ਆਦਮੀ ਦਾ ਉਸ ਨਾਲ ਪੈਰਛੋਹ ਗਿਆ ਅਤੇ ਓਹ ਖਾਣ ਵਾਲੀ ਚੀਜ਼ ਭਿਟੀ ਗਈ, ਅਤੇ ਉਸ ਵਿਚਾਰੀ ਇਸਤ੍ਰੀ ਦੇ ਖਾਣ ਦੇ ਲਾਇਕ ਨਾਂ ਰਹੀ। ਉਹ ਇਕ ਬਹੁਤ ਹੀ ਮੈਲੇ ਕਪੜੇ ਵਿਚ ਰਖੀ ਹੋਈ ਕਰਕੇ ਹੋਰ ਕਿਸੇ ਨੇ ਭੀ ਨਾਂ ਲਈ,ਅੰਤ ਉਸਨੂੰ ਸਮੁੰਦਰ ਵਿਚ ਸਿਟਣੀ ਪਈ। ਸ਼ਾਇਦ ਉਸਦੇ ਖਾਣ ਨਾਲ ਮਛੀਆਂ ਤਾਂ ਨਹੀਂ ਭਿਟੀਆਂ ਗਈਆਂ ਹੋਣਗੀਆਂ। ਪਤਾ ਨਹੀਂ ਐਸੀ ਸੁਚਮ ਖੁਣੋਂ ਥੁੜਿਆ ਕੀ ਹੈ ?

ਕਈ ਅੰਮ੍ਰਿਤਧਾਰੀ ਸਿੰਘ ਸੁਚਮ ਵਿਚ ਪੂਰਬੀਆਂ ਨਾਲੋਂ ਭੀ ਵਧੇ ਹੋਏ ਹਨ। ਇਕ ਸਿੰਘ ਜੋ ਸਾਡੀ ਨਗਰੀ ਵਿਚ ਹੀ ਰਹਿੰਦਾ ਹੈ ਖਾਲਸਾ ਦੀਵਾਨ ਪੇਸ਼ੂ ਤੇ ਗਿਆ। ਦੀਵਾਨ ਦਾ ਲੰਗਰ ਛਕਕੇ ਭਿਟੇ ਜਾਣ ਦੇ ਡਰ ਕਰਕੇ ਅਤੇ ਆਪਣੀ ਸੁਚਮ ਨੂੰ ਕਾਇਮ ਰਖਣ ਦੀ ਖਾਤਰ ਉਸ ਦਾ ਪ੍ਰਸ਼ਾਦ ਪੰਜਾਹ ਮੀਲ ਤੋਂ ਉਸ ਦੇ ਘਰੋਂ ਭੇਜਿਆ ਜਾਂਦਾ ਸੀ। ਇਹ ਬਾਤ ਉਸ ਸਿੰਘ ਨੇ ਮੈਨੂੰ ਆਪ ਦਸੀ ਸੀ। ਜਿਸਨੂੰ ਸੁਣਕੇ ਮੈਂ ਬੜਾ ਹੀ ਹੈਰਾਨ ਹੋਇਆ।

ਮੁਸਲਮਾਨਾਂ ਦੇ ਹਥਾਂ ਦਾ ਬਣਾਇਆ ਹੋਇਆ ਸੋਡਾ ਵਾਟਰ,ਲੈਮੋਨੇਡ ਆਦਿਕ ਅਮੂਮਨ ਸਾਰੇ ਸਿੰਘ ਹੀ ਪੀ ਲੈਂਦੇ ਹਨ। ਓਹ ਤਨਖਾਹੀਏ ਨਹੀਂ ਹੁੰਦੇ ਹਨ,ਪਰ ਜੇ ਮੁਸਲਮਾਨਾਂ

Digitized by Panjab Digital Library | www.panjabdigilib.org

ਦੀ ਬਣਾਈ ਹੋਈ ਚਾਹ ਪੀ ਲੈਣ ਤਾਂ ਤਨਖਾਹੀਏ ਹੋ ਜਾਂਦੇ ਹਨ ਭਾਵੇਂ ਉਬਾਲੇ ਹੋਏ ਪਾਣੀ ਵਿਚੋਂ ਬੀਮਾਰੀ ਪੈਦਾ ਕਰਨ ਵਾਲੇ ਕੀੜੇ ਮਰ ਭੀ ਜਾਂਦੇ ਹਨ।

ਮੁਸਲਮਾਨਾਂ ਦੀ ਬਣਾਈ ਹੋਈ ਜਾਂ ਮੁਸਲਮਾਨਾਂ ਦਾ ਹਥ ਲਗੀ ਹੋਈ ਬਰਫ ਤਾਂ ਸਾਰੇ ਹੀ ਪੀ ਲੈਂਦੇ ਹਨ ਪਰ ਬਰਮਿਆਂ ਦ ਘੜਿਆਂ ਦਾ ਪਾਣੀ ਪੀਕੇ ਤਨਖਾਹੀਏ ਹੋ ਜਾਂਦੇ ਹਨ। ਸ਼ਾਇਦ ਬਰਫ ਏਸ ਕਰਕੇ ਸੁਚੀ ਹੋਵੇਗੀ ਕਿ ਬਰਫ ਬਨਾਉਣ ਵਾਸਤੇ ਪਾਣੀ ਬ੍ਰਾਹਮਣਾਂ ਦੇ ਖੂਹ ਵਿਚੋਂ ਲਿਆਉਂਦੇ ਹੋਣਗੇ। ਜਾਂ ਬਰਫ ਵਿਚ ਸੁਚੀ ਕਰਨ ਵਾਲੀ ਹਵਾ ਜ਼ਿਆਦਾ ਹੁੰਦੀ ਹੋਵੇਗੀ ਜਿਸ ਕਰਕੇ ਬਰਫ ਛੂਤ ਨਹੀਂ ਹੋ ਸਕਦੀ।

ਪਿਆਰੇ ਖਾਲਸਾ ਜੀ! ਭਰਮ ਨੂੰ ਛਡੋ, ਬਾਹਰ ਦੀ ਛੂਤ ਸਾਡਾ ਕੁਛ ਨਹੀਂ ਵਿਗਾੜ ਸਕਦੀ। ਉਹ ਰੋਗ ਆਦਮੀ ਦੇ ਅੰਦਰ ਹੀ ਹਨ ਜੋ ਆਦਮੀਂ ਨੂੰ ਸਿਖੀ ਤੋਂ ਪਤਿਤ ਕਰ ਦਿੰਦੇ ਹਨ। ਬਾਹਰੋਂ ਭਾਵੇਂ ਅਸੀਂ ਕਿਤਨੇ ਹੀ ਚੰਗੇ ਬਣੀਏ ਪਰ ਉਹ ਵਿਕਾਰ ਜਦ ਤਕ ਸਾਡੇ ਵਿਚ ਹਨ ਸਾਨੂੰ ਕਿਸੇ ਤਰਾਂ ਭੀ ਸੁਚੇ ਨਹੀਂ ਰਹਿਣ ਦਿੰਦੇ। ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਵਿਚ ਉਚਾਰਨ ਕਰਦੇ ਹਨ।

ਕੁਬੁਧ ਡੂਮਣੀ, ਕੁਦਇਆ ਕਸਾਇਣ, ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧ ਚੰਡਾਲ। ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲ ॥ ਹੋਰ:—

ਦੇਕੇ ਚਉਕਾ ਕਢੀ ਕਾਰ, ਉਪਰ ਆਇ ਬੈਠੇ ਕੂੜਿਆਰ ॥ ਮਤ ਭਿਟੈ ਵੇ ਮਤ ਭਿਟੈ ਇਹ ਅੰਨ

Digitized by Panjab Digital Library | www.panjabdigilib.org

ਅਸਾਡਾ ਫਿਟੈ ॥ ਤਨ ਫਿਟੈ ਫੇੜ ਕਰੇਨ ਮਨ ਜੂਠੇ ਚੁਲੀ ਭਰੇਨ ॥ ਕਹੁ ਨਾਨਕ ਸਚੁ ਧਿਆਈਐ ਸੁਚ ਹੋਵੈ ਤਾਂ ਸਚੁ ਪਾਈਐ":—ਵਾਰ ਆਸਾ ॥ "ਸੋਈ ਕੁਚੀਲ ਕੁਦਰਤ ਨਹੀਂ ਜਾਨੈ, ਲੀਪਿਐ ਥਾਇ ਨ ਸੁਚਿ ਹਰਿ ਮਾਨੈ" ॥ ਭੈਰੋ ਮਹਲਾ ੫

ਭਾਈ ਨੰਦ ਲਾਲ ਜੀ ਆਖਦੇ ਹਨ:—

ਜੋ ਆਦਮੀ ਪ੍ਰਮੇਸ਼ਰ ਤੋਂ ਗਾਫਲ ਹੈ ਬਾਹਰੋਂ ਭਾਵੇਂ ਕਿਤਨਾਂ ਹੀ ਸੁਚਾ ਹੋਵੇ ਪਸੂ ਅਤੇ ਖੋਤਾ ਹੈ।

"ਹਰਿ ਕਿ ਗ਼ਾਫਲ ਸ਼ੁਦ ਜ਼ਿ ਹਕ ਗਾਉ ਖਰ ਅਸਤ"

ਦਸਮੇਸ਼ ਗੁਰੂ ਜੀ ਚਵੀ ਅਵਤਾਰਾਂ ਦੀ ਕਥਾ ਦਾ ਉਲਥਾ ਕਰਦੇ ਹੋਏ ਉਪਦੇਸ਼ ਕਰਦ ਹਨ ਕਿ ਜਿਸਦੇ ਹਿਰਦੇ ਵਿਚੋਂ ਵਹਿਮ ਅਤੇ ਭਰਮ ਦੂਰ ਹੋ ਜਾਂਦੇ ਹਨ, ਉਨ੍ਹਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਦੀ ਕੋਈ ਵਿਚਾਰ ਨਹੀਂ ਰਹਿੰਦੀ। ਯਥਾ—

"ਏ ਦੋਊ ਮੋਹ ਬਾਦ ਮੈ ਪਚੈ, ਇਨਤੇ ਨਾਥ ਨਿਰਾਲੇ ਬਚੈ ॥ ਜਾਂਕੋ ਛੁਟ ਗਿਆ ਭ੍ਰਮ ਉਰਕਾ ਤਿਹ ਆਗੈ ਹਿੰਦੂ ਕਿਆ ਤੁਰਕਾ" ॥

ਗ੍ਰੰਥ "ਪ੍ਰੇਮ ਸੁਮਾਰਗ" ਵਿਚ ਜਿਸਦੇ ਸ਼ੁਰੂ ਵਿਚ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਹੈ, ਇਸ ਪ੍ਰਕਾਰ ਲਿਖਿਆ ਹੈ।

"ਅੰਨ ਸਭ ਪਵਿਤ੍ਰ ਹੈ, ਇਕ ਇਹ ਖ਼ਾਣੇ ਵਾਲਾ ਅਪਵਿਤ੍ਰ ਹੈ ਜਿਸਦੇ ਸੰਗ ਸਿਉਂ ਬਿਗੜ ਗਇਆ, ਕੁਚੀਲ ਹੋਇ ਗਿਆ। ਕੰਦ ਮੂਲ ਤਰਕਾਰੀ ਜਹਾਂ ਤਕ ਹੈ ਸਭ ਪਵਿਤ੍ਰ ਹੈ" ਯਥਾ:—

"ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ"

Digitized by Panjab Digital Library | www.panjabdigilib.org

ਜਦ ਖਾਣਾ ਪੀਣਾ ਪਵਿਤ੍ਰ ਹੈ ਤਾਂ ਮੁਸਲਮਾਨ ਆਦਿਕ ਦਾ ਹਥ ਲਗਕੇ ਕਿਸਤਰ੍ਹਾਂ ਭਿਟਿਆ ਜਾਂਦਾ ਹੈ। ਅਸਲ ਬਾਤ ਇਹ ਹੈ ਕਿ ਆਦਮੀ ਦਾ ਸਰੀਰ ਹੀ ਅਪਵਿਤ੍ਰ ਹੈ। ਦੋ ਦਿਨ ਸਾਫ ਨ ਕਰੋ ਤਾਂ ਮਲੀਨ ਹੋ ਜਾਂਦਾ ਹੈ। ਸਰੀਰ ਅਤੇ ਕਪੜਿਆਂ ਵਿਚੋਂ ਬਦਬੂ ਆਉਣ ਲਗ ਜਾਂਦੀ ਹੈ। ਸੁਗੰਧਤ ਚੀਜ਼ਾਂ ਭੀ ਸਰੀਰ ਨਾਲ ਲਗਕੇ ਮਲੀਨ ਹੋ ਜਾਂਦੀਆਂ ਹਨ। ਯਥਾ ਗੁਰਵਾਕ:—

"ਕਰ ਪੂਰ ਪੁਹਪ ਸੁਗੰਧਾ ਪਰਸ ਮਨੁਖ੍ਯ ਦੇਹੰ ਮਲੀਣੰ। ਮਜਾ ਰੁਦਰ ਦੁਰਗੰਧਾ ਨਾਨਕ ਅਥ ਗਰਬੇਣ ਅਗਿਆਨਣੋ।"

ਖਾਣ ਵਾਲੀ ਚੀਜ਼ ਕਿਤਨੀ ਭੀ ਸੁਚੀ ਕਿਉਂ ਨ ਹੋਵੇ ਮੂੰਹ ਵਿਚ ਪਈ ਨਹੀਂ ਤਾਂ ਜੂਠੀ ਹੋਈ ਨਹੀਂ। ਅੰਦਰ ਜਾਕੇ ਪਵਿਤ੍ਰ ਅਪਵਿਤ੍ਰ ਸਭ ਚੀਜ਼ਾਂ ਇਕ ਰਸ ਹੋ ਜਾਂਦੀਆਂ ਹਨ। ਖਾਣ ਪੀਣ ਦੀ ਸੁਚਮ ਬਾਹਰ ਦੀ ਬਾਹਰ ਹੀ ਰਹਿ ਜਾਂਦੀ ਹੈ। ਫੇਰ ਪਤਾ ਨਹੀਂ ਲਗਦਾ, ਛੂਤ ਅਤੇ ਜੂਠ ਉਤੇ ਇਤਨੇ ਝਗੜੇ ਕਿਉਂ ਕੀਤੇ ਜਾਂਦੇ ਹਨ ? ਪਰ ਜਦ ਤਕ ਮਨ ਮੈਲਾ ਹੈ ਸਭ ਕੁਛ ਹੀ ਮੈਲਾ ਹੈ। ਯਥਾ ਗੁਰਵਾਕ:—

"ਮਨ ਮੈਲੇ ਸਭੁ ਕੁਛ ਮੈਲਾ, ਤਨ ਧੋਤੇ ਹਛਾ ਨ ਹੋਇ" ॥ [ਵਡਹੰਸ ਮਹਲਾ ੩

"ਅੰਤਰ ਮੈਲ ਲੋਭ ਬਹੁ ਝੂਠੇ ਬਾਹਰ ਨਾਵਹਿ ਕਾਹੀ ਜੀਉ ॥ ਨਿਰਮਲ ਰਾਮ ਜਪਹੁ ਸਦ ਗੁਰਮੁਖ ਅੰਤ੍ਰ ਕੀ ਗਤਿ ਤਾਹੀ ਜੀਉ ॥"

[ਸੋਰਠ ਮਹਲਾ ੧

Digitized by Panjab Digital Library | www.panjabdigilib.org

"ਕਾ ਇਆਂ ਮਾਜਸ ਕਉਨ ਗੁਨਾਂ, ਜਉ ਘਟ ਭੀਤਰ ਹੈ ਮਲਨਾਂ ਅੰਤਰਮੈਲ ਲਗੀ ਨਹੀਂ ਜਾਣੇ ਬਾਹਰਹੁ ਮਲੰ ਮਲ ਧੋਵੈ ॥"

ਏਨਾਂ ਪ੍ਰਮਾਣਾਂ ਤੋਂ ਸਾਬਤ ਹੋ ਗਿਆ ਕਿ ਉਪਰ ਦੀ ਸੁਚਮ ਕਿਸੇ ਗਿਣਤੀ ਵਿਚ ਨਹੀਂ।

## ਜੂਠ ਕੀ ਚੀਜ਼ ਹੈ ?

ਜੋ ਖਾਣਾ ਆਦਮੀ ਖਾ ਰਿਹਾ ਹੁੰਦਾ ਹੈ, ਜਾਂ ਜੋ ਖਾਕੇ ਮਗਰੋਂ ਬਚ ਰਹਿੰਦਾ ਹੈ ਉਹ ਜੂਠਾ ਹੁੰਦਾ ਹੈ। ਇਹ ਜੂਠਾ ਖਾਣਾ, ਖਾਣਾਂ ਜਾਂ ਇਕ ਬਰਤਨ ਵਿਚ ਕੱਠਿਆਂ ਬੈਠਕੇ ਖ਼ਾਣਾ ਇਸ ਵਾਸਤੇ ਨਹੀਂ ਚੰਗਾ ਕਿ ਉਸ ਨਾਲ ਛੂਤ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ, ਇਸ ਵਾਸਤੇ ਨਹੀਂ ਕਿ ਸਰੀਰ ਭ੍ਰਿਸ਼ਟ ਹੋ ਜਾਂਦਾ ਹੈ। ਅਰੋਗਤਾ ਦੇ ਨਿਯਮ ਨੂੰ ਮੁਖ ਰਖਕੇ ਜਿਥੋਂ ਤਕ ਹੋ ਸਕੇ ਦੂਸਰੇ ਆਦਮੀ ਦਾ ਜੂਠਾ ਨਹੀਂ ਖ਼ਾਣਾ ਚਾਹੀਦਾ ਪਰ ਬੇਸਮਝ ਲੋਕਾਂ ਨੇ ਇਹ ਸਮਝ ਛਡਿਆ ਹੋਇਆ ਹੈ, ਕਿ ਜੂਠਾ ਖਾਣ ਨਾਲ ਧਰਮ ਨਸ਼ਟ ਹੋ ਜਾਂਦਾ ਅਤੇ ਅੰਮ੍ਰਿਤ ਟੁਟ ਜਾਂਦਾ ਹੈ, ਜਾਂ ਮਾਤ ਪੈ ਜਾਂਦਾ ਹੈ। ਐਸ ਭਰਮੀ ਸਜਨਾਂ ਨੂੰ ਇਸ ਸ਼ਬਦ ਦਾ ਵਿਚਾਰ ਕੇ ਪਾਠ ਕਰਨਾ ਚਾਹੀਦਾ ਹੈ:-

"ਮਨ ਜੂਠੇ ਤਨ ਜੂਠ ਹੈ, ਜਿਹਬਾ ਜੂਠੀ ਹੋਇ ॥
ਮੁਖ ਝੂਠੈ ਝੂਠ ਬੋਲਣਾ ਕਿਉਂ ਕਰ ਸੂਚਾ ਹੋਇ" ॥

ਜੋ ਸਜਣ ਕਿਸੇ ਦਾ ਜੂਠਾ ਖਾਣ ਕਰਕੇ ਅਪਵਿਤ੍ਰ ਹੋ ਜਾਣਾ ਸਮਝਦੇ ਹਨ ਉਨ੍ਹਾਂ ਨੂੰ ਹੇਠਲੇ ਸ਼ਬਦ ਦਾ ਹਰ ਰੋਜ਼ ਪਾਠ ਕਰਨਾ ਚਾਹੀਦਾ ਹੈ।

Digitized by Panjab Digital Library | www.panjabdigilib.org

"ਮਾਤਾ ਜੂਠੀ, ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ, ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥ ਕਹੁ ਪੰਡਤ ਸੂਚਾ ਕਉਨ ਥਾਉਂ ? ਜਹਾਂ ਬੈਸ ਹਉ ਭੋਜਨ ਖਾਉਂ ॥ ਜਿਹਵਾ ਜੂਠੀ, ਬੋਲਤ ਜੂਠਾ, ਕਰਨ ਨੇਤ੍ਰ ਸਭ ਜੂਠੇ ॥ ਇੰਦ੍ਰੀ ਕੀ ਜੂਠ ਉਤ੍ਰਸ ਨਾਹੀਂ, ਬ੍ਰਹਮ-ਅਗਨਕੇ ਲੂਠੇ ॥ ਅਗਨ ਭੀ ਜੂਠੀ, ਪਾਣੀ ਜੂਠਾ, ਜੂਠੀ ਬੈਸ ਪਕਾਇਆ ॥ ਜੂਠੀ ਕਰਛੀ ਪ੍ਰੋਸਨ ਲਾਗਾ, ਜੂਠੇ ਹੀ ਬੈਠ ਖਾਇਆ ॥ ਗੋਬਰ ਜੂਠਾ ਚਉਕਾ ਜੂਠਾ, ਜੂਠੀ ਦੀਨੀ ਕਾਰਾ ਕਹਿ ਕਬੀਰ ਸੋਈ ਨਰ ਸੂਚੇ ਸਾਚੀ ਪਰੀ ਵਿਚਾਰਾ" [ਬਸੰਤ ਕਬੀਰ ਜੀ

ਜੋ ਆਦਮੀ ਕਿਸੇ ਦੀ ਜੂਠ ਖਾਣ ਕਰਕ ਜਾਂ ਕਿਸੇ ਨੀਚ ਜਾਤੀ ਦੇ ਹਥ ਦਾ ਪਕਾ ਹੋਇਆ ਖਾਣਾ ਖਾਣ ਕਰਕੇ ਜਾਂ ਕੋਈ ਹੋਰ ਅਪਰਾਧ ਹੋ ਜਾਣ ਕਰਕੇ ਅਪਵਿਤ੍ਰ ਹੋ ਜਾਂਦਾ ਹੈ ਤਾਂ ਉਸਨੂੰ ਕੀ ਚੀਜ਼ ਸ਼ੁਧ ਕਰਦੀ ਹੈ ?

ਹਿੰਦੂ ਲੋਕ ਤੀਰਥ ਜਾਂ ਪ੍ਰਾਸਚਿਤ ਕਰਕੇ, ਬ੍ਰਾਹਮਣਾਂ ਨੂੰ ਭੋਜਨ ਖੁਲਾਕੇ ਅਤੇ ਗਊ ਦਾ ਮੂਤ ਪੀਕੇ ਸ਼ੁਧ ਹੋ ਜਾਂਦੇ ਹਨ, ਪਰ ਸਿੱਖਾਂ ਨੂੰ ਗੁਰਬਾਣੀ ਦੁਵਾਰਾ ਸੁਧ ਕੀਤਾ ਜਾਂਦਾ ਹੈ। ਹੁਣ ਜਦ ਗੁਰਬਾਣੀ ਪਤਤਾਂ ਨੂੰ ਸੁਧ ਕਰ ਦੇਂਦੀ ਹੈ ਤਾਂ ਇਹ ਕਿਸਤਰਾਂ ਹੋ ਸਕਦਾ ਹੈ ਕਿ ਗੁਰਬਾਣੀ ਦੇ ਪੜ੍ਹਨਵਾਲਾ ਜੂਠਾ ਖਾਣ ਨਾਲ ਅਪਵਿਤ੍ਰ ਜਾਂ ਤਨਖਾਹੀਆ ਹੋ ਜਾਵੇ ਦੇਖੋ ਗੁਰਬਾਣੀ ਕੀ ਆਖਦੀ ਹੈ:—

"ਜੂਠ ਨ ਰਾਗੀ, ਜੂਠ ਨ ਵੇਦੀ, ਜੂਠ ਨ ਚੰਦ ਸੂਰਜ

Digitized by Panjab Digital Library | www.panjabdigilib.org

ਕੀ ਭੇਦੀ ॥ ਜੂਠ ਨ ਅੰਨੀ, ਜੂਠ ਨ ਨਾਈ, ਜੂਠ ਨ
ਮੀਹ ਵਰਿਐ ਸਭ ਥਾਈ ॥ ਜੂਠ ਨ ਧਰਤੀ, ਜੂਠ
ਨ ਪਾਣੀ ਜੂਠ ਨ ਪਉਣੈ ਮਾਹਿ ਸਮਾਣੀ ॥ ਨਾਨਕ
ਨਿਗੁਰਿਆ ਗੁਣ ਨਾਹੀ ਕੋਇ ॥ ਮੁਹ ਫੇਰਿਐ
ਮੂੰਹ ਜੂਠਾ ਹੋਇ ॥ ਵਾਰ ਸਾਰੰਗ

ਭਾਵ:-ਅਕਾਲ ਪੁਰਖ ਵਲੋਂ ਮੂੰਹ ਫੇਰਨ ਕਰਕੇ ਮੂੰਹ ਜੂਠਾ ਹੁੰਦਾ ਹੈ, ਜੂਠਾ ਖਾਣ ਨਾਲ ਮੂੰਹ ਜੂਠਾ ਨਹੀਂ ਹੁੰਦਾ।

## ਹੁਣ ਦੇਖੋ ਸੁਚੇ ਕਿਸ ਤਰ੍ਹਾਂ ਹੋਈਦਾ ਹੈ:-

"ਭਉ ਬਿਨਸੈ ਅੰਮ੍ਰਿਤ ਰਸੈ ਰੰਗਿ ਰਤੇ ਨਿਰੰਕਾਰ ॥
ਦੁਖ ਦਾਰਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ ॥
ਕਬੀਰ ਸੋਈ ਮੁਖ ਧੰਨ ਹੈ ਜਾਂ ਮੁਖ ਕਹੀਐ ਰਾਮ ॥
ਦੇਹੀ ਕਿਸਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮ ॥"

ਭਾਵ ਪ੍ਰਮੇਸ਼ੁਰ ਦਾ ਨਾਮ ਸਿਮਰਨ ਕਰਕੇ ਸਰੀਰ ਨੇ ਤਾਂ ਪਵਿਤ੍ਰ ਹੋਣਾ ਹੀ ਸੀ ਉਹ ਨਗਰ ਭੀ ਪਵਿਤ੍ਰ ਹੋ ਜਾਂਦਾ ਹੈ. ਜਿਸ ਵਿਚ ਨਾਮ ਸਿਮਰਨ ਵਾਲਾ ਰਹਿੰਦਾ ਹੈ।

ਹੁਣ ਜਦ ਪ੍ਰਮੇਸ਼ੁਰ ਦਾ ਨਾਮ ਸਰੀਰ ਅਤੇ ਪਿੰਡ ਨੂੰ ਪਵਿਤ੍ਰ ਕਰ ਦੇਂਦਾ ਹੈ ਤਾਂ ਕੀ ਆਦਮੀ ਦੀ ਜੂਠ ਖਾਧੀ ਹੋਈ ਨੂੰ ਪਵਿਤ੍ਰ ਨਹੀਂ ਕਰ ਸਕੂਗਾ ?

ਗੁਰਮਤ ਅਨੁਸਾਰ ਜੋ ਆਦਮੀ ਅਕਾਲ ਪੁਰਖ ਦਾ ਨਾਮ ਨਹੀਂ ਜਪਦੇ ਉਹ ਸਭ ਮੈਲੇ ਹਨ:-

"ਮੈਲਾ ਬ੍ਰਹਮਾ, ਮੈਲਾ ਇੰਦ, ਰਵ ਮੈਲਾ ਮੈਲਾ ਹੈ
ਚੰਦ, ਮੈਲਾ ਮਲਤਾ ਇਹ ਸੰਸਾਰ, ਹਰ ਇਕ

Digitized by Panjab Digital Library | www.panjabdigilib.org

ਨਿਰਮਲ ਜਾਕਾ ਅੰਤ ਨ ਪਾਰ ॥ ਮੈਲੇ ਬ੍ਰਹਮੰਡਾਇਕੈ ਈਸ, ਮੈਲੇ ਨਿਸ ਬਾਸਰ ਦਿਨ ਤੀਸ ॥ ਮੈਲਾ ਮੋਤੀ ਮੈਲਾ ਹੀਰੁ, ਮੈਲਾ ਪਵਨ ਪਾਵਕ ਅਰ ਨੀਰ ॥ ਮੈਲੇ ਸ਼ਿਵ ਸ਼ੰਕਰ ਮਹੇਸ਼, ਮੈਲੇ ਸਿਧ ਸਾਧਕ ਅਰ ਭੇਖ, ਮੈਲੇ ਜੋਗੀ ਜੰਗਮ ਜਟਾ ਸਮੇਤ ॥ ਮੈਲੀ ਕਾਇਆ ਹੰਸ ਸਮੇਤ, ਕਹਿ ਕਬੀਰ ਤੇ ਜਨ ਪ੍ਰਵਾਨ, ਨਿਰਮਲ ਤੇ ਜੋ ਰਾਮਹਿ ਜਾਨ" ॥ [ਯਥਾ ਭੈਰਉ ਕਬੀਰ ਜੀ

ਪਿਆਰੇ ਖਾਲਸਾ ਜੀ ! ਹੁਣ ਭੀ ਕੋਈ ਦਿਲ ਵਿਚ ਭਰਮ ਰਹਿ ਗਿਆ ਹੈ ।

## ਅੰਮ੍ਰਿਤ

16447 G

ਪਤਾ ਨਹੀਂ ਲੋਕਾਂ ਨੇ ਅੰਮ੍ਰਿਤਨੂੰ ਕੀ ਚੀਜ਼ ਸਮਝਿਆ ਹੋਇਆਹੈ, ਜੋ ਅੰਮ੍ਰਿਤ ਗੁਰਬਾਣੀ ਦੇ ਨੇਮੀ ਪ੍ਰੇਮੀ, ਪੰਜ ਪਿਆਰੇ ਇਕ ਮਨਹੋਕੇ ਸਰਬ ਲੋਹ ਦੀ ਲਾਗ ਨਾਲ ਗੁਰਬਾਣੀ ਦੁਆਰਾ ਜੋ ਹਰ ਪ੍ਰਕਾਰ ਦੇ ਪਾਪਾਂ ਨੂੰ ਦੂਰ ਕਰਦੀ ਹੈ, ਪ੍ਰੇਮ ਨਾਲ ਤਿਆਰ ਕਰਦੇ ਹਨ ਅਤੇ ਜਿਸਦੇ ਪਾਨ ਕਰਨ ਨਾਲ ਕਾਇਰ ਸੂਰਮੇਂ ਬਣ ਜਾਂਦੇ ਹਨ,। ਉਹ ਅੰਮ੍ਰਤ ਕਈ ਸਜਣ ਆਖਦੇ ਹਨ ਕਿ ਥੋੜੀ ਜਿਹੀ ਭਿਟ ਨਾਲ ਸ਼ਕਤੀ ਹੀਨ ਹੋ ਜਾਂਦਾ ਹੈ। ਨਹੀਂ ! ਨਹੀਂ !! ਪਿਆਰੇ ਖਾਲਸਾ ਜੀ ਅੰਮ੍ਰਤ ਉਹ ਚੀਜ਼ ਹੈ ਜਿਸਨੂੰ ਪਾਨ ਕਰਕੇ ਅਮਰ ਹੋਈਦਾ ਹੈ। ਅੰਮ੍ਰਿਤ ਮਨ ਬੁਧ ਅਤੇ ਸਰੀਰ ਨੂੰ ਪਵਿਤ੍ਰ ਕਰਦਾ ਹੈ । ਜਦ ਅੰਮ੍ਰਿਤ ਵਿਚ ਐਸੀ ਪਵਿਤ੍ਰ ਕਰਨ ਦੀ ਸ਼ਕਤੀ ਹੈ ਤਾਂ ਅੰਮ੍ਰਤ ਨੂੰ ਕੋਈ ਚੀਜ਼ ਅਪਵਿਤ੍ਰ ਨਹੀਂ ਕਰ ਸਕਦੀ ?

Digitized by Panjab Digital Library | www.panjabdigilib.org

ਜਦ ਅੰਮ੍ਰਿਤ ਨੂੰ ਕੋਈ ਚੀਜ਼ ਅਪਵਿਤ੍ਰ ਨਹੀਂ ਕਰ ਸਕਦੀ ਤਦ ਅੰਮ੍ਰਿਤ ਧਾਰੀ ਸਿੰਘ ਕਿਸੇ ਦਾ ਜੂਠਾ ਖਾਣਾ ਖਾਣ ਕਰਕੇ ਅਪਵਿਤ੍ਰ ਜਾਂ ਤਨਖਾਹੀਆ ਕਿਸਤਰ੍ਹਾਂ ਹੋ ਸਕਦਾ ਹੈ ? ਅੰਮ੍ਰਿਤ ਛਕਿਆ ਹੋਇਆ ਰੋਮ ਰੋਮ ਵਿਚ ਰਚ ਜਾਂਦਾ ਹੈ। ਜੀਵ ਆਤਮਾਂ ਨੂੰ ਪਵਿਤ੍ਰ ਕਰਦਾ ਹੈ. ਬੁਧ ਵਿਚ ਤਬਦੀਲੀ ਪੈਦਾ ਕਰਦਾ ਹੈ। ਇਨਸਾਨ ਨੂੰ ਕਾਇਰ ਤੋਂ ਸੂਰਮਾ ਬਣਾ ਦਿੰਦਾ ਹੈ, ਸਰੀਰ ਵਿਚ ਜਾਕੇ ਕਿਤੇ ਇਕ ਥਾਂ ਟਿਕਿਆ ਨਹੀਂ ਰਹਿੰਦਾ, ਜਿਸਨੂੰ ਜੂਠ ਜਾਂ ਛੂਤ ਜਾਕੇ ਦੁਖ ਦੇ ਸਕੇ। ਜੂਠ ਜਾਂ ਛੂਤ ਦਾ ਕੀ ਕਦਰ ਹੈ ਜੋ ਅੰਮ੍ਰਿਤ ਦੇ ਲਾਗੇ ਢੁਕ ਸਕੇ, ਜੇ ਜੂਠ ਜਾਕੇ ਅੰਮ੍ਰਿਤ ਦੇ ਨਾਲ ਲਗ ਭੀ ਜਾਵੇ ਤਾਂ ਓਸ ਵੇਲੇ ਸੁਚੀ ਹੋ ਜਾਏਗੀ। ਕਿਉਂਕਿ ਅੰਮ੍ਰਿਤ ਵਿਚ ਪਵਿਤ੍ਰ ਕਰਨ ਦੀ ਸ਼ਕਤੀ ਹੈ। ਜਿਸ ਪ੍ਰਕਾਰ ਰਾਤ ਭਾਵੇਂ ਦਿਨ ਦੇ ਮਗਰ ਕਿਤਨੀ ਭੀ ਦੌੜੇ ਕਦੇ ਦਿਨ ਦੇ ਨੇੜੇ ਨਹੀਂ ਢੁਕ ਸਕਦੀ ਅਤੇ ਦਿਨ ਦਾ ਕੁਛ ਵਿਗਾੜ ਨਹੀਂ ਸਕਦੀ ਸਗੋਂ ਰਾਤ ਦਿਨ ਨਾਲ ਲਗਕੇ ਆਪਣਾ ਆਪ ਗਵਾ ਬੈਠਦੀ ਹੈ, ਦਿਨ ਰੂਪ ਹੀ ਹੋ ਜਾਂਦੀ ਹੈ ਜਾਂ ਇਉਂ ਆਖੋ ਕਿ ਰਾਤ ਹੁੰਦੀ ਹੀ ਓਥੇ ਹੈ ਜਿਥੇ ਦਿਨ ਦਾ ਪ੍ਰਕਾਸ਼ ਨਾ ਹੋਵੇ। ਇਸੇ ਤਰ੍ਹਾਂ ਅਪਵਿਤ੍ਰਤਾ ਅੰਮ੍ਰਿਤ ਦੇ ਲਾਗੇ ਜਾਕੇ ਅਪਵਿਤ੍ਰਤਾ ਹੀ ਨਹੀਂ ਰਹਿੰਦੀ ਝਟ ਪਵਿਤ੍ਰਤਾ ਹੋ ਜਾਂਦੀ ਹੈ। ਗੁਰਬਾਣੀ ਵਿਚਾਰਕੇ ਪੜ੍ਹੋ:—

"ਅੰਮ੍ਰਿਤ ਹਰਿ ਕਾ ਨਾਮ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤ ਪਾਏ ਰਾਮ ॥ ਹਉਮੈਂ ਮਾਇਆ ਬਿਖ ਹੈ ਮੇਰੀ ਜਿੰਦੜੀਏ, ਹਰਿ ਅੰਮ੍ਰਿਤ ਬਿਖ ਲਹ ਜਾਏ ਰਾਮ ॥ ਮਨ ਸੁਕਾ ਹਰਿਆ ਹੋਇਆ ਮੇਰੀ ਜਿੰਦੜੀਏ

Digitized by Panjab Digital Library | www.panjabdigilib.org

ਹਰਿ ਹਰਿ ਨਾਮ ਧਿਆਏ ਰਾਮ" ॥

ਜਦ ਅੰਮ੍ਰਿਤ ਹਉਮੈ ਜੈਸੀ ਬਿਖ ਉਤਾਰ ਦਿੰਦਾ ਹੈ ਅਤੇ ਸੁਕਿਆਂ ਨੂੰ ਹਰੇ ਕਰ ਦਿੰਦਾ ਹੈ, ਤਦ ਜੂਠ ਜਾਂ ਛੂਤ ਦੀ ਕੀ ਕਦਰ ਹੈ ਕਿ ਅੰਮ੍ਰਿਤ ਦਾ ਕੁਛ ਵਿਗਾੜ ਸਕੇ:- ਹੋਰ

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥
ਨਾਨਕ ਅੰਮ੍ਰਿਤ ਏਕ ਹੈ ਦੂਜਾ ਅੰਮ੍ਰਿਤ ਨਾਹਿ ॥

[ਵਾਰ ਸਾਰੰਗ

ਭਾਵ:-ਅੰਮ੍ਰਿਤ ਅਮ੍ਰਿਤ ਹੀ ਹੈ। ਕੋਈ ਦੂਜੀ ਚੀਜ਼ ਅੰਮ੍ਰਿਤ ਵਰਗੀ ਨਹੀਂ ਹੋ ਸਕਦੀ।

## ਜੂਠਾ ਕੇਹੜਾ ਨਹੀਂ ਖਾਣਾ ਚਾਹੀਦਾ ?

ਕੋਈ ਭੇਖੀ ਸਾਧ ਗੁਰਮਤ ਤੋਂ ਆਗਯਾਤ ਆਪਣਾ ਜੂਠਾ ਖਾਣਾ ਸੀਤ ਪ੍ਰਸ਼ਾਦ ਆਖਕੇ ਭੋਲੇ ਭਾਲੇ ਸਿੱਖਾਂ ਨੂੰ ਦਿੰਦੇ ਹਨ। ਐਸਾ ਜੂਠਾ ਪ੍ਰਸ਼ਾਦ ਲੈਕੇ ਖਾਣਾ ਗੁਰਮਤ ਦੇ ਵਿਰੁਧ ਹੈ। ਹੁਣ ਦੇਖੋ ਤਨਖਾਹੀਆ ਕਿਨ੍ਹਾਂ ਕਰਮਾਂ ਕਰਕੇ ਹੁੰਦਾ ਹੈ ?

ਭਾਈ ਨੰਦ ਲਾਲ ਜੀ ਆਖਦੇ ਹਨ:-

"ਪ੍ਰਾਤ ਕਾਲ ਸਤ ਸੰਗ ਨ ਜਾਵੈ, ਤਨਖਾਹ ਦਾਰ ਉਹ ਵਡਾ ਕਹਾਵੈ ॥ ਸਤਿ ਸੰਗ ਜਾਇ ਕਰ ਚਿਤ ਡੁਲਾਵੈ, ਹਰਿ ਜਸ ਸੁਨਤੇ ਬਾਤ ਚਲਾਵੈ ॥ ਨਿਰਧਨ ਦੇਖ ਨ ਪਾਸ ਬਹਾਵੈ, ਸੋ ਤਨਖਾਹੀਆ ਮੂਲ ਕਹਾਵੈ॥ ਮਾਈ ਭੈਣ ਜੋ ਆਵੈ ਸੰਗਤ, ਦ੍ਰਿਸ਼ਟ ਭਰੀ ਦੇਖੇ ਤਿਸ ਪੰਗਤ, ਧੀ ਭੈਣ ਦਾ ਪੈਸਾ ਖਾਇ ਗੋਬਿੰਦ ਸਿੰਘ ਧਕੇ ਯਮ ਖਾਇ ॥ ਦਸਵੰਧ ਗੁਰੂ ਨ ਦੇਵਈ ਝੂਠ ਬੋਲ ਜੋ

Digitized by Panjab Digital Library | www.panjabdigilib.org

ਖਾਇ ਕਹੈ ਗੋਬਿੰਦ ਸਿੰਘ ਲਾਲ ਜੋ ਤਿਸਕਾ ਕਛੁ
ਨ ਵਿਸਾਹਿ ॥ ਵਾਹਿਗੁਰੂ ਬਿਨ ਕਰੇ ਜੋ ਪਾਵੈ, ਬੇਸਵਾ
ਦੁਆਰੇ ਸਿਖ ਜੋ ਜਾਵੈ ॥ ਪਰ ਇਸਤ੍ਰੀ ਸਿਉਂ ਨਿਹੁ
ਲਗਾਵੈ, ਗੋਬਿੰਦ ਸਿੰਘ ਵਹਿ ਸਿਖ ਨ ਭਾਵੈ" ॥

ਮੈਂ ਨਹੀਂ ਸਮਝਦਾ ਸਾਰੇ ਸਿੱਖ ਇਨਾਂ ਸੂਖਮ ਕੁਰਿਹਤਾਂ ਤੋਂ ਬਚੇ ਹੋਏ ਹੋਣਗੇ।

"ਪਰ ਬੇਟੀ ਕੋ ਬੇਟੀ ਜਾਨੈ, ਪਰ ਇਸਤ੍ਰੀ ਕੋ ਮਾਤ
ਬਖਾਨੈ ॥ ਅਪਨੀ ਇਸਤ੍ਰੀ ਸੋਂ ਰਤ ਹੋਈ, ਰਹਤਵਾਨ
ਗੁਰ ਕਾ ਸਿੱਖ ਸੋਈ ॥ ਮੁਸਲੀ, ਡੂਮਣਿ, ਦੂਤੀ
ਚੇਲੀ, ਵਿਭਚਾਰਨ ਜੋ ਫਿਰੇ ਅਕੇਲੀ ॥ ਅਵਰ
ਜੁਆਨ ਵਰਨ ਕੀ ਨਾਰ, ਇਨ ਸੇ ਸਿੰਘ ਨ ਕਰੇ
ਪਿਆਰ ॥" [ਭਾਈ ਦੇਸਾ ਸਿੰਘ ਜੀ

ਉਨ੍ਹਾਂ ਸਜਣਾਂ ਨੂੰ ਸ਼ਰਮ ਕਰਨੀ ਚਾਹੀਦੀ ਹੈ ਜੋ ਬਿਨਾਂ ਅਨੰਦ ਪੜ੍ਹਾਏ ਇਸਤ੍ਰੀਆਂ ਕਰਕੇ ਆਪਣੇ ਘਰੀਂ ਰਖਦੇ ਹਨ। ਉਹ ਆਪ ਤਾਂ ਡੁਬੇ ਹਨ, ਆਪਣੀ ਉਲਾਦ ਨੂੰ ਭੀ ਡੋਬਦੇ ਹਨ। ਕਿਉਂਕਿ ਅਨੰਦ ਵਿਆਹ ਕਰਾਏ ਤੋਂ ਬਿਨਾਂ ਪੈਦਾ ਕੀਤੀ ਹੋਈ ਉਲਾਦ ਹਰਾਮ ਦੀ ਅਖਵਾਉਂਦੀ ਹੈ। ਭਲਾ ਬਚਿਆਂ ਨੇ ਕੀ ਕਸੂਰ ਕੀਤਾ ਹੈ ਜੋ ਜੰਮਦੇ ਹੀ ਹਰਾਮ ਦੇ ਅਖਵਾਉਣ ਲਗ ਜਾਂਦੇ ਹਨ। ਕਸੂਰ ਤਾਂ ਕੀਤਾ ਪਿਤਾ ਨੇ ਅਤੇ ਭੋਗਣਾ ਪਿਆ ਉਲਾਦ ਨੂੰ। ਵਾਹਵਾ! ਉਲਾਦ ਉਤੇ ਮਾਪਿਆਂ ਦਾ ਕੇਹਾ ਸੋਹਣਾ ਪਰ ਉਪਕਾਰ ਹੈ। ਏਹ ਹਾਲ ਤਦ ਹੀ ਹੋ ਰਿਹਾ ਹੈ ਜੋ ਸਾਡੀ ਕੋਈ ਬਰਾਦਰੀ ਨਹੀਂ ਹੈ ਜੋ ਇਨ੍ਹਾਂ ਅਯੋਗ ਬਾਤਾਂ ਨੂੰ ਰੋਕੇ। ਜਦ ਤਕ

Digitized by Panjab Digital Library | www.panjabdigilib.org

ਗੁਰਮਤ ਅਨੁਸਾਰ ਆਨੰਦ ਨ ਹੋ ਜਾਵੇ ਤਦ ਤਕ ਉਹ ਇਸਤ੍ਰੀ ਉਸਦੀ ਮਾਂ ਭੈਣ ਵਤ ਹੈ। ਬਿਨਾਂ ਅਨੰਦ ਪੜ੍ਹਾਏ ਜੋ ਸੰਗ ਕਰਦੇ ਹਨ ਉਹ ਮਹਾਂ ਪਤਿਤ ਹਨ ਜੋ ਕਦੇ ਵੀ ਪਵਿਤ੍ਰ ਨਹੀਂ ਹੋ ਸਕਦੇ। ਇਹ ਜੂਠ ਉਨ੍ਹਾਂ ਦੀ ਕਦੇ ਵੀ ਨਹੀਂ ਉਤਰ ਸਕਦੀ। ਯਥਾ ਗੁਰਵਾਕ:—

"ਇੰਦ੍ਰੀ ਕੀ ਜੂਠ ਉਤਰਸ ਨਾਹੀਂ ਬ੍ਰਹਮ ਅਗਨ ਕੇ ਲੂਠੇ" ॥ "ਨਿਜ ਨਾਰੀ ਕੇ ਸੰਗ ਹੇਤ ਤੁਮ ਸਦਾ ਬਢਯੋ ॥ ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂਨ ਜਯੋ" ॥

ਏਹ ਕੁਰਹਿਤ ਵੱਡੀਆਂ ਚਾਰ ਕੁਰਹਿਤਾਂ ਵਿਚੋਂ ਇਕ ਹੈ, ਪਰ ਇਹਦੀ ਵਲ ਖਿਆਲ ਘਟ ਹੀ ਕੀਤਾ ਜਾਂਦਾ ਹੈ। ਸ਼ਾਇਦ ਇਸ ਵਾਸਤੇ ਕਿ ਇਹ ਆਪਣੇ ਫਾਇਦੇ ਦੀ ਬਾਤ ਹੈ। ਐਸੇ ਪਤਤ ਆਦਮੀਆਂ ਨਾਲ ਕਈ ਸਿੰਘ ਵਰਤਦੇ ਹਨ ਉਹ ਤਨਖਾਹੀਏ ਨਹੀਂ ਹੁੰਦੇ ਪਰ ਜੇ ਬਰਮੇ, ਮੁਸਲਮਾਨ ਅਤੇ ਹੋਰ ਕਿਸੇ ਛੂਤ ਜਾਤੀ ਦੇ ਹਥ ਦਾ ਖਾਣਾ ਖਾ ਲੈਣ ਤਾਂ ਤਨਖਾਹੀਏ ਹੋ ਜਾਂਦੇ ਹਨ, ਕਿਆ ਖਬ ਵੀਚਾਰ !

ਭਾਈ ਚੋਪਾ ਸਿੰਘ ਜੀ ਦਸਵੇਂ ਪਾਤਸ਼ਾਹ ਦੇ ਖਿਡਾਵੇ ਸਨ ਅਤੇ ਉਨ੍ਹਾਂ ਨੇ ਦਸਵੇਂ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਸੀ ਉਹ ਅਪਨ ਬਨਾਏ ਹੋਏ ਰਹਿਤਨਾਮੇ ਵਿਚ ਇਸ ਪ੍ਰਕਾਰ ਲਿਖਦੇ ਹਨ:—

ਗੁਰੂ ਕਾ ਸਿਖ ਸ਼ਰਾਬ ਨਾ ਪੀਵੇ, ਕੰਨਿਆਂ ਨਾ ਮਾਰੇ ਕੰਨਿਆਂ ਦਾ ਪੈਸਾ ਨਾ ਖਾਵੇ, ਚਿਟੇ ਵਾਲ ਨਾ ਚੁਗੇ, ਜੇ ਇਹ ਕੰਮ ਕਰੇ ਤਾਂ ਤਨਖਾਹੀਆ ਹੈ। ਇਹ ਕੁਰਹਿਤਾਂ ਕਈ ਸਿੰਘ

Digitized by Panjab Digital Library | www.panjabdigilib.org

ਜ਼ਾਹਰਾ ਕਰਦੇ ਹਨ ਅਤੇ ਸਾਰੇ ਉਨ੍ਹਾਂ ਨਾਲ ਵਰਤਦੇ ਹਨ ਪਰ ਉਨ੍ਹਾਂ ਨੂੰ ਤਨਖਾਹੀਏ ਕੋਈ ਨਹੀਂ ਆਖਦਾ।

ਭਾਈ ਦਯਾ ਸਿੰਘ ਜੀ ਜੋ ਪੰਜਾਂ ਪਿਆਰਿਆਂ ਵਿਚੋਂ ਸਨ ਅਪਨੇ ਰਹਿਤਨਾਮੇ ਵਿਚ ਇਸਤ੍ਰਾਂ ਲਿਖਦੇ ਹਨ:—

"ਗੁਰੂ ਕਾ ਸਿਖ ਮਟ, ਬੁਤ, ਤੀਰਥ, ਦੇਵੀ ਦੇਵਤਾ, ਬ੍ਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੂਛਣਾਂ, ਸੁਖਣਾ ਆਦਿਕ ਕਰੇ ਤਾਂ ਤਨਖਾਹੀਆ ਹੈ। ਜਨੇਊ ਪਾਕਰ ਮ੍ਰਿਤਕ ਕਰਮ, ਸ਼ਰਾਬ ਪਿਤ੍ਰ ਪਿੰਡ ਪਤਲ ਦੀਵਾ ਕ੍ਰਿਆ ਕਰਾਏ ਤਾਂ ਤਨਖਾਹੀਆ ਹੈ। ਕਿਤਨੇ ਸਿੰਘ ਉਪਰਲੀਆਂ ਕੁਰਹਿਤਾਂ ਕਰਦੇ ਹਨ। ਤਦ ਭੀ ਲੋਕ ਉਨ੍ਹਾਂ ਨਾਲ ਖਾਨ ਪਾਨ ਕਰੀ ਜਾਂਦੇ ਹਨ। ਉਨ੍ਹਾਂ ਨੂੰ ਤਨਖਾਹੀਆ ਕੋਈ ਨਹੀਂ ਕਹਿੰਦਾ।

ਗ੍ਰੰਥ ਪ੍ਰੇਮ ਸਮਾਰਗ ਵਿਚ ਲਿਖਿਆ ਹੈ:—

"ਸਭ ਤੋਂ ਵਡੀ ਰਹਿਤ ਇਹ ਹੈ ਜੋ ਸਿਖ ਝੂਠ ਨ ਬੋਲੇ, ਚਉਕੇ ਦਾ ਭਰਮ ਨ ਕਰੇ, ਖਾਣਾ ਪਾਣਾ ਪੀਣਾ ਪਵਿਤ੍ਰ ਹੈ ਅਕਾਲ ਦੀ ਬਖਸ਼ਸ਼ ਹੈ ਕਿਸਵਾਸਤੇ ਜੁ ਰਿਜਕ ਦੂਰੋਂ ਦਰ ਮਿਲਿਆ ਹੈ। ਜਹਾਂ ਜਹਾਂ ਇਸਕਾ ਰਿਜਕ ਰਲਾਇਆ ਹੈ ਤਹਾ ਤਹਾਂ ਤੇ ਬਿਨਾਂ ਉਪਾਇ ਆਇ ਮੂੰਹ ਪਾਉਂਦਾ ਹੈ। ਤਿਸਤੇ ਇਸਕੋ ਕਹਿਆ ਹੈ ਜੋ ਆਇ ਪਹੁੰਚੇ ਤਾਂ ਪਵਿਤ੍ਰ ਜਾਣ ਕਰ ਖਾ ਲਵੈ" ਇਸ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਿੰਘ ਛੂਤ ਛਾਤ ਦਾ ਪਰਹੇਜ਼ ਨਹੀਂ ਕਰਦੇ ਸਨ।

ਭਾਈ ਗੁਰਦਾਸ ਜੀ ਸੈਂਤੀਵੀ ਵਾਰ ਵਿਚ ਲਿਖਦੇ ਹਨ:—

"ਬਜਰ ਲੇਪ ਨ ਉਤਰੇ ਪਿੰਡ ਅਪਰਚੇ ਅਉਚਰ ਚਾਰਾ" ॥

Digitized by Panjab Digital Library | www.panjabdigilib.org

ਭਾਵ—ਭਾਰੀ ਪਾਪ ਮੇਰੇ ਸਿਰੋਂ ਨਹੀਂ ਉਤਰੂਗਾ ਜੋ ਗੁਰਬਾਨੀ ਦੇ ਪਰਚੇ ਰਹਿਤ ਆਦਮੀਆਂ ਨਾਲ ਮੈਂ ਖਾਣ ਕਰਦਾ ਰਿਹਾ ਹਾਂ। ਭਾਈ ਗੁਰਦਾਸ ਜੀ ਦੇ ਇਸ ਕਥਨ ਅੰਨੁਸਾਰ ਉਹ ਆਦਮੀ ਨੀਚ ਅਤੇ ਚੰਡਾਲ ਤੁਲ ਹੈ ਜੋ ਗੁਰਬਾਨੀ ਨੂੰ ਵਿਚਾਰ ਸਹਿਤ ਨਹੀਂ ਪੜ੍ਹਦਾ। ਅਗੇ ਕਬਿਤ ਸਵੈਯਾਂ ਵਿਚ ਭਾਈ ਗੁਰਦਾਸ ਜੀ ਕਥਨ ਕਰਦੇ ਹਨ:—

"ਜੈਸੇ ਮਿਸਟਾਨ ਪਾਨ ਸੰਗਮ ਕੈ ਮਾਖੀ ਲੀਲੈ,
ਹੋਹਿ ਉਕਲਟ ਖੇਦ ਸੰਕਟ ਸਹਾਈ ਹੈ ॥ ਤੈਸੇ
ਅਪਰਚੇ ਪਿੰਡ ਸਿਖਨ ਕੀ ਭਿਖਿਆ ਖਾਇ, ਅੰਤ
ਕਾਲ ਭਾਰੀ ਹੋਇ ਯਮ ਲੋਕ ਜਾਈ ਹੈ" ॥

ਭਾਵ ਇਸਦਾ ਏਹ ਹੈ ਕਿ ਜਿਨ੍ਹਾਂ ਦਾ ਸਿਖ ਹੋਕੇ ਗੁਰਮਤ ਵਿਚ ਪਰਚਾ ਨਹੀਂ ਅਤੇ ਵਿਭਚਾਰਨ ਦੀ ਤਰਾਂ ਅਨੇਕ ਇਸ਼ਟ ਰਖਦੇ ਹਨ ਉਨ੍ਹਾਂ ਦਾ ਭੋਜਨ ਖਾਣ ਕਰਕੇ ਸਿਰਫ ਪਤਿਤ ਹੀ ਨਹੀਂ ਹੋਈਦਾ ਸਗੋਂ ਯਮ ਲੋਕ ਨੂੰ ਜਾਈਦਾ ਹੈ, ਇਹ ਤਨਖਾਹੀਏ ਹੋਣ ਨਾਲੋਂ ਭੀ ਵਡਾ ਅਪਰਾਧ ਹੈ।

ਇਕ ਦਿਨ ਕੁਛ ਸਿਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਾਸੋਂ ਕੁਛ ਪ੍ਰਸ਼ਨ ਪੁਛੇ ਤਾਂ ਉਨ੍ਹਾਂ ਪ੍ਰਸ਼ਨਾਂ ਦਾ ਜਵਾਬ ਦਿੰਦੇ ਹੋਏ ਆਪ ਫੁਰਮਾਉਂਦੇ ਹਨ:—

ਭਾਈ ਸਿਖੋ ! ਚਾਰ ਉਪਦੇਸ਼ ਖਾਲਸੇ ਨੂੰ ਮੰਨਣ ਯੋਗ ਹਨ:—(੧) ਪਰਉਪਕਾਰ ਕਰਨਾ, ਇਸ ਸਮਾਨ ਕੋਈ ਹੋਰ ਜਪ ਤਪ ਧਰਮ ਨਹੀਂ। (੨) ਬਚਨ ਤੋਂ ਨਹੀਂ ਫਿਰਨਾਂ (੨) ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਧਕੇ ਵੇਦ, ਸ਼ਾਸਤ੍ਰ ਹੋਰ,

Digitized by Panjab Digital Library | www.panjabdigilib.org

ਕਿਸੇ ਪੁਸਤਕ ਨੂੰ ਨਹੀਂ ਜਾਨਣਾ । (੪) ਖਿਮਾਂ ਕਰਨੀ। ਜਿਉਂ ਜਿਉਂ ਵਡੇ ਹੋਣਾ ਤਿਉਂ ੨ ਨਿਮਰਤਾ ਰਖਣੀ, ਨਿਰ ਧਨ ਨੂੰ ਆਦਰ ਦੇਣਾ। ਜਿਸਦਾ ਕੋਈ ਵਾਲੀ ਨਹੀਂ ਉਸਦੀ ਸਹਾਇਤਾ ਕਰਨੀ। ਮੁਰਾਤਬੇ ਨੂੰ ਪਾਕੇ ਗਰਭ ਨਹੀਂ ਕਰਨਾ। ਭਾਈ ਸਿਖੋ! ਚਾਰ ਤਨਖ਼ਾਹਾਂ ਵਡੀਆਂ ਹਨ। ਪਰ ਕਿਸੇ ਦਾ ਹਿਰਦਾ ਦੁਖੀ ਕਰਨਾ ਇਹ ਸੂਖਮ ਤਨਖਾਹ ਸਭ ਤੋਂ ਵਡੀ ਹੈ। ਬੜੇ ਅਚਰਜ ਦੀ ਬਾਤ ਹੈ ਕਿ ਇਨ੍ਹਾਂ ਕੁਰਹਿਤਾਂ ਕਰਨ ਵਾਲਿਆਂ ਨੂੰ ਕੋਈ ਤਨਖਾਹੀਏ ਨਹੀਂ ਅਖਦਾ।

ਇਸੇ ਤਰ੍ਹਾਂ ਭਾਈ ਨੰਦ ਲਾਲ ਜੀ ਨੂੰ ਉਪਦੇਸ਼ ਕਰਦੇ ਹੋਏ ਦਸਮੇਸ਼ ਗੁਰੂ ਜੀ ਕਥਨ ਕਰਦੇ ਹਨ:-

"ਖਲਕ ਖਾਲਕ ਕੀ ਜਾਣਕੇ ਖਲਕ ਦੁਖਾਵੇ ਨਾਹਿ ॥
ਖਲਕ ਦੁਖੇ ਨੰਦ ਲਾਲ ਜੀ ਖਾਲਕ ਕੋਪੇ ਤਾਹਿ" ॥

ਮਤਲਬ ਇਸਦਾ ਇਹ ਹੈ ਕਿ ਖਲਕਤ ਨੂੰ ਪ੍ਰਮੇਸ਼ੂਰ ਦੀ ਪੈਦਾ ਕੀਤੀ ਹੋਈ ਜਾਣਕੇ ਕਿਸੇ ਦਾ ਦਿਲ ਨ ਦੁਖਾਵੇ। ਕਿਉਂਕਿ ਜੋ ਕਿਸੇ ਨੂੰ ਜਾਣਕੇ ਦੁਖ ਦਿੰਦਾ ਹੈ ਅਕਾਲ ਪੁਰਖ ਉਸ ਪਰ ਕ੍ਰੋਪ ਹੁੰਦਾ ਹੈ। ਇਸਤੋਂ ਸਿਧ ਹੋਇਆ ਕਿ ਕਿਸੇ ਦਾ ਦਿਲ ਦੁਖੀ ਕਰਨਾ ਭਾਰੀ ਗੁਨਾਹ ਹੈ। ਇਹ ਗੁਨਾਹ ਕਰਨ ਵਾਲਾ ਤਨਖਾਹੀਆ ਹੀ ਨਹੀਂ ਹੁੰਦਾ ਸਗਵਾਂ ਅਕਾਲ ਪੁਰਖ ਉਸ ਪਰ ਕ੍ਰੋਪ ਹੁੰਦਾ ਹੈ । ਇਸੇ ਪ੍ਰਥਾਇ ਗੁਰੂ ਜੀ ਬਚਨ ਕਰਦੇ ਹਨ:-

"ਇਕ ਫਿਕਾ ਨਾਗਾਲਾਇ ਸਭਨਾਂ ਮਹਿ ਸਚਾ ਧਣੀ,
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ ॥"

ਭਾਵ, ਕਿਸੇ ਨੂੰ ਫਿਕਾ ਨਾ ਬੋਲ ਸਭਨਾਂ ਜੀਵਾਂ ਵਿਚ

Digitized by Panjab Digital Library | www.panjabdigilib.org

ਪ੍ਰਮਾਤਮਾਂ ਦੀ ਜੋਤ ਹੈ। ਕਿਸੇ ਦਾ ਦਿਲ ਨਾ ਢਾਹ ਪ੍ਰਮੇਸ਼੍ਵਰ ਦੇ ਪੈਦਾ ਕੀਤੇ ਹੋਏ ਸਾਰੇ ਜੀਵ ਅਣਮੁਲੇ ਮਾਣਕ ਹਨ।

ਕਿਸੇ ਛੂਤ ਜਾਂ ਨੀਚ ਜਾਤੀ ਦੇ ਆਦਮੀ ਨੂੰ ਬੁਰਾ ਜਾਨਣਾ, ਉਸਤੋਂ ਘ੍ਰਿਣਾਂ ਕਰਨੀ। ਉਸਦੇ ਹਥ ਦਾ ਛੋਹਿਆ ਹੋਇਆ ਨ ਖਾਣਾ ਉਸਨੂੰ ਆਪ ਨਾਲੋਂ ਨੀਵਾਂ ਸਮਝਕੇ ਉਸਦਾ ਨਿਰਾਦਰ ਕਰਨਾਂ ਉਸਦੇ ਦਿਲ ਨੂੰ ਦੁਖਾਉਣਾ ਹੈ,ਜੋ ਗੁਰਮਤ ਦੇ ਵਿਰੁਧ ਹੈ। ਅਫਸੋਸ ਹੈ ਕਿ ਇਸ ਬਾਤ ਦਾ ਖਿਆਲ ਨਹੀਂ ਕੀਤਾ ਜਾਂਦਾ ਕਿ ਜਿਸ ਸਿਰਜਨਹਾਰ ਨੇ ਸਾਨੂੰ ਪੈਦਾ ਕੀਤਾ ਹੈ ਉਸਨੂੰ ਭੀ ਉਸੀ ਨੇ ਪੈਦਾ ਕੀਤਾ ਹੈ, ਫਿਰ ਉਸ ਵਿਚਾਰੇ ਦਾ ਕੀ ਕਸੂਰ ਹੈ ਜੋਉਸਨੂੰ ਨੀਵਾਂਸਮਝਿਆ ਜਾਂਦਾ ਹੈ। "ਏਕ ਪਿਤਾ ਏਕਸ ਕੇ ਹਮ ਬਾਰਕ ਤੂੰ ਮੇਰਾ ਗੁਰਹਾਈ॥"

ਇਸ ਪ੍ਰਥਾਇ ਇਕ ਸਾਖੀ ਹੈ:—

"ਇਕ ਵਾਰ ਜਾਤ ਅਭਮਾਨ ਨਾਲ ਭਰੇ ਹੋਏ ਬ੍ਰਹ-ਮਣ ਭਗਤ ਉਪਰਲੇ ਉਪਦੇਸ਼ ਤੋਂ ਸਖਣੇ ਆਪਣੇ ਦੇਹੁਰੇ ਵਿਚ ਭਜਨ ਗਾ ਰਹੇ ਸਨ। ਭਗਤ ਨਾਮ ਦੇਵ ਜੀ ਜੋ ਜਾਤ ਦਾ ਛੀਂਬਾ ਸੀ ਅਤੇ ਜਿਸਨੂੰ ਉਚੀ ਨੀਵੀਂ ਜਾਤ ਦੀ ਕੁਛ ਵੀਚਾਰ ਨਹੀਂ ਸੀ, ਖੁਸ਼ੀ ੨ ਉਨ੍ਹਾਂ ਦੇ ਵਿਚ ਜਾ ਬੈਠਾ ਅਤੇ ਛੈਣੇ ਫੜਕੇ ਉਨ੍ਹਾਂ ਨਾਲ ਭਜਨ ਗਾਉਣ ਲਗ ਪਿਆ। ਜਦ ਉਨ੍ਹਾਂ ਬ੍ਰਾਹਨਣਾਂ ਨੂੰ ਪਤਾ ਲਗਾ, ਜਿਨ੍ਹਾਂ ਨੇ ਪ੍ਰਮੇਸ਼ਵਰ ਦੀ ਭਗਤੀ ਆਪਣੀ ਮਲਕੀਅਤ ਸਮਝੀ ਹੋਈ ਸੀ ਕਿ ਇਕ ਨੀਚ ਜਾਤ ਦਾ ਆਦਮੀ ਸਾਡੇ ਵਿਚ ਮਿਲਕੇ ਭਜਨ ਗਾ ਰਿਹਾ ਹੈ ਤਾਂ ਉਨ੍ਹਾਂ ਨੇ ਉਸਨੂੰ ਉਠਾਲਕੇ ਬਾਹਰ ਕਢ ਦਿਤਾ। ਇਹ ਕੰਮ ਕਰਕੇ ਉਨ੍ਹਾਂ ਬ੍ਰਾਹਮਣਾਂ ਨੇ ਨਾਮਦੇਵ ਦਾ

Digitized by Panjab Digital Library | www.panjabdigilib.org

ਨਿਰਾਦਰ ਕੀਤਾ ਅਤੇ ਉਸਦੇ ਹਿਰਦੇ ਨੂੰ ਦੁਖੀ ਕੀਤਾ। ਨਾਮ ਦੇਵ ਆਪਣੀ ਕੰਬਲੀ ਚੁਕਕੇ ਦੇਹੁਰੇ ਦੇ ਪਿਛੇ ਜਾ ਬੈਠਾ ਅਤੇ ਉਸ ਅਕਾਲ ਪੁਰਖ ਅਗੇ ਜਿਸਦੇ ਦਰਬਾਰ ਵਿਚ ਕੋਈ ਉਚੀ ਨੀਵੀਂ ਜਾਤ ਨਹੀਂ ਮੰਨੀ ਜਾਂਦੀ, ਦੁਖਤ ਹੋਏ ਹੋਏ ਹਿਰਦੇ ਨਾਲ ਪ੍ਰਾਰਥਨਾਂ ਕਰਨ ਲਗਾ ਕਿ ਹੇ ਅਕਾਲ ਪੁਰਖ ਆਪ ਨੇ ਮੈਨੂੰ ਛੀਂਬੇ ਦੇ ਘਰ ਕਿਉਂ ਪੈਦਾ ਕੀਤਾ। ਮੈਨੂੰ ਉਚੀ ਜਾਤ ਵਿਚ ਪੈਦਾ ਕਿਉਂ ਨਾ ਕੀਤਾ। ਏਹ ਬ੍ਰਹਮਣ ਲੋਕ ਮੈਨੂੰ ਨੀਚ ਜਾਤ ਸਮਝਕੇ ਆਪਣੇ ਪਾਸ ਨਹੀਂ ਬੈਠਣ ਦਿੰਦੇ" ਨਾਮ ਦੇਵ ਦੀ ਇਹ ਬੇਨਤੀ ਅਕਾਲ ਪੁਰਖ ਦੀ ਦਰਗਾਹ ਵਿਚ ਕਬੂਲ ਪੲੀ। ਕਹਿੰਦੇ ਹਨ ਕਿ ਉਸ ਵੇਲੇ ਦੇਹੁਰੇ ਦਾ ਮੂੰਹ ਭਗਤ ਨਾਮ ਦੇਵ ਵਲ ਫਿਰ ਗਿਆ। ਏਹ ਦੇਖਕੇ ਬ੍ਰਹਮਣ ਉਸਦੇ ਪੈਰੀਂ ਪਏ। ਹੁਣ ਆਪ ਵਿਚਾਰਕੇ ਦੇਖੋ ਅਕਾਲ ਪੁਰਖ਼ ਦੀ ਦਰਗਾਹ ਵਿਚ ਕਿਸਦੀ ਜਿਤ ਹੋਈ। ਨੀਚੀ ਜਾਤ ਵਾਲੇ ਦੀ ਜਾਂ ਉਚੀ ਜਾਤ ਵਾਲਿਆਂ ਦੀ? ਏਹ ਪ੍ਰਮਾਣ ਦੇਖਕੇ ਭੀ ਜੇ ਛੂਤਛਾਤ ਦੇ ਭਗਤਾਂ ਨੂੰ ਪਤੀਜ ਨ ਆਵੇ ਤਾਂ ਇਸਦਾ ਇਲਾਜ ਹੀ ਕੀ ਹੋ ਸਕਦਾ ਹੈ?

ਸਚ ਹੈ ਜਿਸਦੀ ਛੂਤ ਕਰਕੇ ਜਗਤ ਘਿਰਣਾਂ ਕਰਦਾ ਹੈ ਉਸਨੂੰ ਅਕਾਲ ਪੁਰਖ ਹੀ ਆਪਣਾ ਬਣਾਉਂਦਾ ਹੈ। ਯਥਾ ਗੁਰਵਾਕ:—

"ਜਿਸਕੀ ਛੋਤ ਜਗਤ ਕਉ ਲਾਗੈ ਤਿਸ ਪਰ ਤੂੰ ਹੀ ਢਰੈ ॥"

ਸਰੀਰ ਪੰਜਾਂ ਤਤਾਂ ਦਾ ਬਣਿਆ ਹੋਇਆ ਹੈ, ਜਿਨ੍ਹਾਂ ਤਤਾਂ ਨਾਲ ਹਿੰਦੂਆਂ ਅਤੇ ਸਿਖਾਂ ਦਾ ਸਰੀਰ ਬਣਿਆ ਹੈ, ਉਨ੍ਹਾਂ ਤੱਤਾਂ ਨਾਲ ਹੀ ਨੀਚ ਜਾਤੀਆਂ ਦਾ ਸਰੀਰ ਭੀ ਬਣਿਆ

Digitized by Panjab Digital Library | www.panjabdigilib.org

ਹੈ। ਉਚੀਆਂ ਅਤੇ ਸੁਚੀਆਂ ਜਾਤਾਂ ਦਾ ਸਰੀਰ ਸੁਚੇ ਤੱਤਾਂ ਨਾਲ ਨਹੀਂ ਬਣਿਆ ਅਤੇ ਨੀਚ ਜਾਤੀਆਂ ਦਾ ਜੂਠੇ ਤੱਤਾਂ ਨਾਲ ਨਹੀਂ ਬਣਿਆ, ਫੇਰ ਨੀਵੀਂਆਂ ਜਾਤਾਂ ਦੇ ਆਦਮੀ ਜੂਠੇ ਜਾਂ ਛੂਤ ਕਿਸਤ੍ਰਾਂ ਹੋ ਸਕਦੇ ਹਨ। ਲਹੂ ਸਾਰਿਆਂ ਸਰੀਰਾਂ ਵਿਚ ਸਾਫ ਹੁੰਦਾ ਹੈ ਜੇ ਕਿਸੇ ਸਰੀਰ ਵਿਚ ਮੈਲਾ ਲਹੂ ਹੋਵੇ ਤਾਂ ਉਹ ਆਦਮੀ ਜੀਉਂਦਾ ਹੀ ਨਹੀਂ ਰਹਿ ਸਕਦਾ। ਹੇਠਾਂ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਵਿਚਾਰਕੇ ਪੜ੍ਹੀਏ ਤਾਂ ਏਹ ਭਰਮ ਆਪਨੇ ਆਪ ਹੀ ਦੂਰ ਹੋ ਜਾਂਦਾ ਹੈ।

"ਏਕੋ ਪਵਣ ਮਾਟੀ ਸਭ ਏਕਾ ਸਭ ਏਕਾ ਜੋਤ ਸਬਾਈਆ, ਤੂੰ ਸਾਝਾ ਸਾਹਿਬ ਬਾਪ ਹਮਾਰਾ। ਸਭੇ ਸਾਂਝੀ ਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਓ"

"ਹਮ ਕਤ ਲੋਹੂ ਤੁਮ ਕਤ ਦੂਧ ॥"

ਇਤਹਾਸ ਵਿਚ ਲਿਖਿਆ ਹੈ ਕਿ ਇਕ ਵਾਰ ਲੜਾਈ ਵਿਖੇ ਸਿੰਘਾਂ ਨੇ ਮੁਸਲਮਾਨਾਂ ਦਾ ਪਕਾ ਹੋਇਆ ਭੋਜਨ ਛਕ ਲਿਆ ਸੀ ਪਰ ਇਹ ਨਹੀਂ ਦਸਿਆ ਕਿ ਉਹ ਸਾਰੇ ਸਿੰਘ ਤਨਖਾਹੀਏ ਹੋ ਗਏ ਸਨ। ਜੇ ਉਹ ਸਿੰਘ ਤਨ-ਖਾਹੀਏ ਨਹੀਂ ਹੋਏ ਸਨ ਤਾਂ ਅਸੀਂ ਹੁਣ ਮੁਸਲਮਾਨਾਂ ਦੇ ਹੱਥਾਂ ਦਾ ਖਾਕੇ ਕਿਉਂ ਤਨਖਾਹੀਏ ਹੋ ਜਾਵਾਂਗੇ ?

ਕੋਈ ਵੀਹ ਪੰਝੀ ਵਰਹੇ ਹੋ ਗਏ ਹਨ ਤਾਂ ਇਹੋ ਸਵਾਲ ਮਾਂਡਲੇ ਦੇ ਗੁਰਦੁਆਰੇ ਪੇਸ਼ ਹੋਇਆ ਸੀ ਕਿ ਬਰ-ਮਿਆਂ ਦੇ ਘੜਿਆਂ ਵਿਚੋਂ ਸਿੰਘਾਂ ਨੂੰ ਪਾਣੀ ਪੀ ਲੈਣਾ ਚਾਹੀਦਾ ਹੈ ਜਾਂ ਨਹੀਂ। ਉਸ ਵਕਤ ਸੰਗਤ ਨੇ ਇਹ ਫੈਸਲਾ ਕੀਤਾ ਸੀ ਕਿ ਜਦ ਤ੍ਰਿਹਾਏ ਦੀ ਜਾਨ ਨਿਕਲਨ ਲਗੇ ਤਾਂ

Digitized by Panjab Digital Library | www.panjabdigilib.org

ਪਾਣੀ ਪੀ ਲੈਣਾਂ ਚਾਹੀਦਾ ਹੈ, ਪਰ ਇਸ ਵਿਚ ਫਰਕ ਕੀ ਹੋਇਆ ? ਜਾਨ ਨਿਕਲਨ ਲਗਿਆਂ ਭੀ ਸਰੀਰ ਤਾਂ ਉਹੋ ਹੀ ਰਹਿੰਦਾ ਹੈ।

## ਪਾਣੀ ਦੀ ਛੂਤ

ਇਕੇ ਖੂਹ ਵਿਚੋਂ ਜਾਂ ਇਕੇ ਤਲਾਬ ਵਿਚੋਂ ਸਭ ਜਾਤਾਂ ਦੇ ਆਦਮੀ ਪਾਣੀ ਲੈਂਦੇ ਹਨ ਤਾਂ ਉਹ ਸਾਰਾ ਪਾਣੀ ਭਿਟਿਆ ਨਹੀਂ ਜਾਂਦਾ ਪਰ ਉਹੋ ਪਾਣੀ ਛੋਟੇ ਬਰਤਨ ਵਿਚ ਪੈਕੇ ਜਾਂ ਕਿਸੇ ਨੀਚ ਜ[illegible] ਦੇ ਆਦਮੀ ਦਾ ਹੱਥ ਲਗਕੇ ਭਿਟਿਆ ਜਾਂਦਾ ਹੈ। ਜੇ ਏਹ ਬਾਤ ਹੈ ਕਿ ਬਹੁਤੇ ਕਠੇ ਪਾਣੀ ਨੂੰ ਹਵਾ ਸੁਧ ਕਰ ਸਕਦੀ ਹੈ ਤਾਂ ਉਹੋ ਹਵਾ ਥੋਵੇ ਥੋੜੇ ਪਾਣੀ ਨੂੰ ਕਿਉਂ ਨਹੀਂ ਸੁਧ ਕਰ ਕਰ ਸਕਦੀ। ਹਵਾ ਤਾਂ ਸਭ ਜਗਾ ਮੌਜੂਦ ਹੈ। ਪਾਣੀ ਵਿਚ ਵੀ ਹਵਾ ਹੈ। ਜੇ ਪਾਣੀ ਵਿਚ ਹਵਾ ਨ ਹੋਵੇ ਤਾਂ ਪਾਣੀ ਅਪਨੇ ਆਪ ਹੀ ਵਿਗੜ ਜਾਵੇ। ਕੱਪੜਾ ਮੈਲਾ ਹੋਵੇ ਤਾਂ ਪਾਣੀ ਨਾਲ ਧੋਕੇ ਸਾਫ ਸੁਚਾ ਕਰ ਲਈਦਾ ਹੈ। ਸਰੀਰ ਮੈਲਾ ਹੋਵੇ ਤਾਂ ਪਾਣੀ ਨਾਲ ਨ੍ਹਾਕੇ ਸਾਫ ਅਤੇ ਸੁਥਰਾ ਹੋ ਜਾਂਦਾ ਹੋ ਜਾਂਦਾ ਹੈ ਜਦ ਕੋਈ ਹਿੰਦੂ ਜਾਂ ਸਿਖ ਕਿਸੇ ਚੂਹੜੇ ਨਾਲ ਲਗ ਜਾਵੇ ਤਾਂ ਪਾਣੀ ਦੇ ਹੀ ਛਿਟੇ ਮਾਰਕੇ ਉਸਨੂੰ ਸੁੱਚਾ ਕਰਦੇ ਹਨ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਥਾਂ ਤੋਂ ਦੂਸਰੀ ਥਾਂ ਲੈ ਜਾਂਦੇ ਹਨ ਤਦ ਭੀ ਕਈ ਵਾਰ ਅਗੇ ਅਗੇ ਪਾਣੀ ਦੇ ਛਿਟੇ ਮਾਰਦੇ ਜਾਂਦੇ ਹਨ ਤਾਂ ਕਿ ਰਸਤਾ ਸੁੱਚਾ ਹੋ ਜਾਵੇ। ਇਸਤਰ੍ਹਾਂ ਹੋਰ ਮੈਲੀਆਂ ਚੀਜ਼ਾਂ ਪਾਣੀ ਨਾਲ ਸਾਫ ਹੋ

Digitized by Panjab Digital Library | www.panjabdigilib.org

ਜਾਂਦੀਆਂ ਹਨ। ਇਸਤੋਂ ਸਿੱਧ ਹੋਇਆ ਕਿ ਪਾਣੀ ਹਰ ਇਕ ਚੀਜ਼ ਨੂੰ ਪਵਿਤ੍ਰ ਕਰਦਾ ਹੈ। ਫੇਰ ਸਮਝ ਨਹੀਂ ਲਗਦੀ ਕਿ ਉਹੋ ਪਾਣੀ ਕਿਸੇ ਨੀਚ ਜਾਤ ਦੇ ਆਦਮੀ ਦਾ ਹੱਥ ਲਗਕੇ ਕਿਉਂ ਅਪਵਿਤ੍ਰ ਹੋ ਜਾਂਦਾ ਹੈ। ਕੀ ਨੀਚ ਜਾਤ ਦੇ ਆਦਮੀ ਨਹੀਂ ਹਨ? ਜਾਂ ਕੋਈ ਬਿਜਲੀ ਦੀ ਤਾਕਤ ਹੈ ਜਿਸਦੇ ਛੂਹਣ ਨਾਲ ਪਾਣੀ ਜਾਂ ਸੁੱਚੇ ਸਰੀਰ ਵਿਚ ਛੂਤ ਦੀ ਝਟ ਪਟ ਝਰਨਾਟ ਫਿਰ ਜਾਂਦੀ ਹੈ ਅਤੇ ਪਾਣੀ ਜਾਂ ਸਰੀਰ ਨੂੰ ਭ੍ਰਿਸ਼ਟ ਕਰ ਦਿੰਦੀ ਹੈ? ਜੇ ਸੱਚ ਜਾਣੋ ਤਾਂ ਇਹ ਸਾਰੇ ਅਵਿਦਿਆ ਦੇ ਹੀ ਭਰਮ ਹਨ। ਜੂਠ ਜਾਂ ਛੂਤ ਕੋਈ ਚੀਜ਼ ਨਹੀਂ। ਸਫਾਈ ਮੁਖ ਹੈ, ਜੋ ਕਿਸੇ ਵਿਚ ਥੋੜੀ ਕਿਸੇ ਵਿਚ ਬਹੁਤ, ਸਾਰੀਆਂ ਕੌਮਾਂ ਵਿਚ ਪਾਈ ਜਾਂਦੀ ਹੈ। ਸਗਵਾਂ ਅੰਗ੍ਰੇਜ਼ਾਂ ਵਿਚ ਸਫਾਈ ਬਹੁਤੀ ਹੈ। ਤੁਸੀਂ ਕਦੇ ਕਿਸੇ ਅੰਗ੍ਰੇਜ਼ ਨੂੰ ਮੈਲਾ ਕੱਪੜਾ ਪਹਿਨਿਆਂ ਨਹੀਂ ਦੇਖਿਆ ਹੋਵੇਗਾ। ਜਿਸਤਰ੍ਹਾਂ ਸਿਖਾਂ ਉਤੇ ਬ੍ਰਹਮਣਾਂ ਨੇ ਆਪਣਾ ਦਬ ਦਬਾ ਜਮਾਇਆ ਹੋਇਆ ਸੀ, ਓਸੇਤਰ੍ਹਾਂ ਅਵਿਦਿਆ ਨੇ ਸਾਨੂੰ ਭਰਮਾਂ ਹੇਠਾਂ ਦਬਾ ਛਡਿਆ ਹੈ। ਹੁਣ ਜਦ ਕੁਛ ਵਿਦਿਆ ਫੈਲਣ ਲਗੀ ਹੈ ਤਾਂ ਲੋਕਾਂ ਨੂੰ ਭੀ ਸੁਰਤ ਆਉਣ ਲਗ ਪਈ ਹੈ ਅਤੇ ਛੂਤ ਛਾਤ ਦੇ ਵਹਿਮ ਅਤੇ ਭਰਮ ਪਰ ਲਾਕੇ ਉਡਨ ਲਗ ਗਏ ਹਨ ਅਤੇ ਸੱਚ ਪ੍ਰਗਟ ਹੋਣ ਲਗ ਪਿਆ ਹੈ। ਹੋਰ ਕੁਛ ਚਿਰ ਤਕ ਉਮੈਦ ਹੈ ਸਾਰੇ ਭਰਮ ਦੂਰ ਹੋ ਜਾਣਗੇ। ਜਦ ਤਕ ਪੁਰਾਣੇ ਅਤੇ ਹਿੰਦੂ ਖਿਆਲਾਂ ਦੇ ਆਦਮੀ ਜੀਉਂਦੇ ਹਨ ਤਦ ਤਕ ਖਿਚਾ ਖਿਚੀ ਹੀ ਰਹੂਗੀ। ਉਮੈਦ ਹੈ ਅਗਲੀ ਨਸਲ ਵਿਦਿਆ ਪਾਕੇ ਏਨਾਂ ਭਰਮਾਂ ਤੋਂ ਪਾਕ ਹੋ

Digitized by Panjab Digital Library | www.panjabdigilib.org

ਜਾਏਗੀ। ਜੇ ਦੂਜੇ ਦੀ ਜੂਠ ਨਾਲ ਜਾਂ ਕਿਸੇ ਮੁਸਲਮਾਨ ਬਰਮੇ ਆਦਿਕ ਦੇ ਹੱਥ ਲਗੇ ਹੋਏ ਅੰਨ ਪਾਣੀ ਅੰਗੀਕਾਰ ਕਰਨ ਨਾਲ ਸਿਖ ਭਿਟੇ ਜਾ ਸਕਦੇ ਹਨ ਜਾਂ ਤਨਖਾਹੀਏ ਹੋ ਸਕਦੇ ਹਨ ਤਾਂ ਉਹ ਇਸ ਦੁਨੀਆਂ ਪਰ ਸੁਚੇ ਭੀ ਕਦੇ ਨਹੀਂ ਰਹਿ ਸਕਦੇ, ਕਿਉਂਕਿ ਉਨ੍ਹਾਂ ਦੀ ਸੁਚਮ ਤੋੜਨ ਵਾਲੀਆਂ ਬਾਤਾਂ ਸੁਤੇ ਸਿਧ ਹੀ ਹੁੰਦੀਆਂ ਰਹਿੰਦੀਆਂ ਹਨ।

(੧) ਸਾਡੇ ਤੰਦੂਰ ਵਾਲੇ ਸਿਖ ਸਭ ਦੀ ਜੂਠ ਖੁਲਾਂਦੇ ਹਨ। ਉਨ੍ਹਾਂ ਦੇ ਬਰਤਨਾਂ ਨੂੰ ਜਿਸ ਤਰੀਕੇ ਨਾਲ ਉਹ ਸਾਫ ਕਰਦੇ ਹਨ ਕਿਤੇ ਨ ਕਿਤੇ ਜੂਠ ਲਗੀ ਹੀ ਰਹਿ ਜਾਂਦੀ ਹੈ। ਉਨ੍ਹਾਂ ਪਾਸ ਇਕ ਕੱਪੜਾ ਹੁੰਦਾ ਹੈ ਜਿਸ ਨਾਲ ਉਹ ਸਾਰੇ ਬਰਤਨ ਪੂੰਝਿਆ ਕਰਦੇ ਹਨ ਉਸਨੂੰ ਲੋਕ ਚੌਕੇ ਦਾ ਨਰਕ ਭੀ ਆਖਦੇ ਹਨ।

(੨) ਹਲਵਾਈ ਦੀ ਦੁਕਾਨ ਜੂਠ ਦਾ ਘਰ ਹੁੰਦਾ ਹੈ ਉਸ ਪਾਸੋਂ ਮਠਿਆਈ ਲੈਕੇ ਸਾਰੇ ਆਦਮੀ ਖਾਂਦੇ ਹਨ।

(੩) ਮੱਖੀ ਇਕ ਐਸੀ ਚੀਜ਼ ਹੁੰਦੀ ਹੈ ਜੋ ਕਿਸੇ ਭੀ ਖਾਣ ਵਾਲੀ ਚੀਜ਼ ਨੂੰ ਪਵਿਤ੍ਰ ਨਹੀਂ ਰੈਹਣ ਦੇਂਦੀ ਗੰਦਗੀ ਉਤੋਂ ਉਦਕੇ ਝਟ ਸਾਡੇ ਸੁਚੇ ਖਾਣੇ ਉਤੇ ਆ ਬੈਠਦੀ ਹੈ ਅੰਤੇ ਉਸਨੂੰ ਭ੍ਰਿਸ਼ਟ ਕਰ ਦੇਂਦੀ ਹੈ। ਹਲਵਾਈਆਂ ਦੀ ਮਠਿਆਈ ਉਤੇ ਤਾਂ ਇਹ ਮੱਖੀਆਂ ਆਪਣਾ ਘਰ ਹੀ ਬਣਾ ਛਡਦੀਆਂ ਹਨ। ਉਸ ਮਠਿਆਈ ਨੂੰ ਸਾਰੇ ਉਚ ਅਤੇ ਨੀਚ ਜਾਤੀਆਂ ਦੇ ਆਦਮੀ ਖਾਂਦੇ ਹਨ। ਡਾਕਟਰਾਂ ਦਾ ਖਿਆਲ ਹੈ ਕਿ ਮੱਖੀ ਨਾਲ ਦੀ ਭ੍ਰਿਸ਼ਟ ਕਰਨ ਵਾਲੀ ਚੀਜ਼ ਦੁਨੀਆਂ ਪਰ ਹੋਰ ਕੋਈ ਨਹੀਂ ਹੈ। ਇਹ ਭ੍ਰਿਸ਼ਟ ਹੀ ਨਹੀਂ ਕਰਦੀ ਸਗਵਾਂ

Digitized by Panjab Digital Library | www.panjabdigilib.org

ਕਈ ਇਕ ਕਿਸਮ ਦੀਆਂ ਭਿਆਨਕ ਬੀਮਾਰੀਆਂ ਲਾਉਂਦੀ ਹੈ। ਏਸ ਗੰਦੇ ਜੀਵ ਤੋਂ ਬਚਣ ਵਾਸਤੇ ਸਿਆਣੇ ਲੋਕ ਆਪਣੇ ਖਾਣੇ ਵਾਲੀਆਂ ਚੀਜ਼ਾਂ ਜਾਲੀਦਾਰ ਅਲਮਾਰੀਆਂ ਵਿਚ ਰਖਦੇ ਹਨ ਅਤੇ ਉਹ ਇਸ ਮੱਖੀ ਨੂੰ ਨੀਚ ਜਾਤ ਦੇ ਆਦਮੀਆਂ ਨਾਲੋਂ ਵਧ ਅਪਵਿਤ੍ਰ ਕਰਨ ਵਾਲੀ ਸਮਝਦੇ ਹਨ ਪਰ ਛੂਤ ਛਾਤ ਦੇ ਪਿਆਰੇ ਸੱਜਨ ਏਸ ਗੱਲ ਵਲ ਘਟ ਹੀ ਖਿਆਲ ਕਰਦੇ ਹਨ। ਕਈ ਐਸੀਆਂ ਬੀਮਾਰੀਆਂ ਭੀ ਹੁੰਦੀਆਂ ਹਨ ਜੋ ਇਕ ਆਦਮੀ ਤੋਂ ਦੂਸਰੇ ਆਦਮੀ ਨੂੰ ਲਗ ਜਾਂਦੀਆਂ ਹਨ। ਮੇਰੇ ਖਿਆਲ ਵਿਚ ਨੀਚ ਜਾਤੀ ਦੇ ਆਦਿ-ਮੀਆਂ ਨਾਲ ਲਗਣ ਨਾਲੋਂ ਛੂਤ ਵਾਲੀ ਬੀਮਾਰੀ ਵਾਲੇ ਆਦਮੀ ਪਾਸੋਂ ਬਚਕੇ ਰਹਿਣਾ ਚਾਹੀਦਾ ਹੈ।

ਛੂਤ ਬਹੁਤੀ ਪਾਣੀ ਦੀ ਲਾਗ ਤੋਂ ਹੀ ਮੰਨਦੇ ਹਨ। ਸੁੱਕੀਆਂ ਚੀਜ਼ਾਂ ਸੁਚੀਆਂ ਸਮਝੀਆਂ ਜਾਂਦੀਆਂ ਹਨ। ਆਟਾ, ਦਾਲ, ਘਿਓ ਆਦਿਕ ਖਾਣੇ ਦੀਆਂ ਚੀਜ਼ਾਂ ਮੁਸਲਮਾਨ ਜਾਂ ਕਿਸੇ ਹੋਰ ਛੂਤ ਜਾਤ ਦੇ ਦੁਕਾਨਦਾਰ ਪਾਸੋਂ ਲੈ ਲੈਂਦੇ ਹਨ ਪਰ ਜਦ ਉਨ੍ਹਾਂ ਹੀ ਚੀਜ਼ਾਂ ਵਿਚ ਮੁਸਲਮਾਨ ਆਦਿਕ ਛੂਤ ਜਾਤਾਂ ਦੇ ਆਦਮੀਆਂ ਦਾ ਹੱਥ ਲਗਾ ਹੋਇਆ ਪਾਣੀ ਪੈ ਜਾਵੇ ਤਾਂ ਉਹ ਪਾਣੀ ਭਾਵੇਂ ਸਾਫ ਹੀ ਹੋਵੇ ਪਰ ਉਨ੍ਹਾਂ ਚੀਜ਼ਾਂ ਨੂੰ ਜ਼ਰੂਰ ਹੀ ਭ੍ਰਿਸ਼ਟ ਕਰ ਦਿੰਦਾ ਹੈ ਪਰ ਛੂਤ ਦੇ ਪਿਆ-ਰਿਆਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਆਟਾ, ਦਾਲ, ਨਿਮਕ, ਮਸਾਲੇ ਆਦਿਕ ਸੁਕੀਆਂ ਚੀਜ਼ਾਂ ਵਿਚ ਭੀ ਪਾਣੀ ਹੁੰਦਾ ਹੈ। ਆਲੂ, ਪਿਆਜ਼, ਭਾਜੀਆਂ, ਤਰਕਾਰੀਆਂ ਵਿਚ ਤਾਂ ਚੋਖਾ ਪਾਣੀ ਹੁੰਦਾ ਹੈ। ਫਲ ਸਾਰੇ ਹੀ ਪਾਣੀਦਾਰ ਹੁੰਦੇ ਹਨ, ਉਹ

Digitized by Panjab Digital Library | www.panjabdigilib.org

ਛੂਤ ਜਾਤਾਂ ਦੇ ਹਥੋਂ ਲੈਕੇ ਭੀ ਖਾ ਲੈਂਦੇ ਹਨ, ਸੱਚ ਤਾਂ ਏਹ ਹੈ ਕਿ ਪਾਣੀ ਕਿਸੇ ਛੂਤ ਜਾਤ ਦੇ ਆਦਮੀ ਦਾ ਹੱਥ ਲਗਕੇ ਨਾਪਾਕ ਨਹੀਂ ਹੋ ਜਾਂਦਾ। ਪਾਣੀ ਤਾਂ ਹੇਠਾਂ ਲਿਖੇ ਕਾਰਨਾਂ ਕਰਕੇ ਗੰਦਾ ਹੋ ਜਾਂਦਾ ਹੈ ਜਿਸਨੂੰ ਵਰਤਣ ਤੋਂ ਬਚਣਾ ਚਾਹੀਦਾ ਹੈ।

(੧) ਕੱਪੜੇ ਆਦਿਕ ਮੈਲੀਆਂ ਵਸਤਾਂ ਧੋਣ ਨਾਲ।

(੨) ਇਸ਼ਨਾਨ ਕਰਨ ਨਾਲ, ਜਾਨਵਰਾਂ ਨੂੰ ਨੁਲ੍ਹਾਉਣ ਨਾਲ।

(੩) ਮੀਂਹ ਪੈਣ ਨਾਲ ਜ਼ਮੀਨ ਉਤੇ ਦੀਆਂ ਗੰਦੀਆਂ ਚੀਜ਼ਾਂ ਰੁੜ੍ਹਕੇ ਪਾਣੀ ਵਿਚ ਪੈ ਜਾਣ ਨਾਲ।

(੪) ਮੁਰਦੇ ਜਾਨਵਰਾਂ ਦੀਆਂ ਲਾਸ਼ਾਂ ਪਾਣੀ ਵਿਚ ਪੈਣ ਨਾਲ, ਰੁਖਾਂ ਆਦਿਕ ਦੇ ਪਤੇ ਜਾਂ ਪੌਦੇ ਆਦਿਕ ਪਾਣੀ ਵਿਚ ਪੈਕੇ ਸੜਨ ਨਾਲ ਪਾਣੀ ਖਰਾਬ ਹੋ ਜਾਂਦਾ ਹੈ।

(੫) ਇਨ੍ਹਾਂ ਚੀਜ਼ਾਂ ਨਾਲੋਂ ਭੀ ਵਧ ਅਪਵਿਤ੍ਰ ਕਰਨ ਵਾਲੀ ਚੀਜ਼ ਗੰਦੀ ਹਵਾ ਹੈ। ਸਾਫ ਹਵਾ ਭਾਵੇਂ ਹਰ ਇਕ ਚੀਜ਼ ਨੂੰ ਸਾਫ ਕਰਦੀ ਹੈ ਪਰ ਜਦ ਗੰਦੀ ਹੋ ਜਾਂਦੀ ਹੈ ਤਾਂ ਉਸਦੇ ਲਗਣ ਨਾਲ ਕੋਈ ਚੀਜ਼ ਭੀ ਸੁੱਚੀ ਨਹੀਂ ਰਹਿ ਸਕਦੀ। ਹਵਾ ਹੇਠਾਂ ਲਿਖੇ ਕਾਰਨਾਂ ਕਰਕੇ ਗੰਦੀ ਹੁੰਦੀ ਹੈ:—

(੧) ਜਾਨਦਾਰ ਚੀਜ਼ਾਂ ਦੇ ਸਾਹ ਲੈਣ ਨਾਲ।

(੨) ਜਾਨਦਾਰ ਜਾਂ ਬੇਜਾਨ ਚੀਜ਼ਾਂ ਦੇ ਸੜਨ ਨਾਲ।

(੩) ਕਿਤੇ ਇਕ ਥਾਂ ਬੰਦ ਰਹਿਣ ਨਾਲ।

(੪) ਹੁਕੇ ਵਿਚ ਤ੍ਰਕਿਆ ਹੋਇਆ ਪਾਣੀ ਹਵਾ ਨੂੰ ਗੰਦੀ ਕਰਦਾ ਹੈ, ਛੂਤ ਜਾਤੀਆਂ ਨਾਲ ਲਗਣ ਕਰਕੇ ਜਾਂ

Digitized by Panjab Digital Library | www.panjabdigilib.org

ਉਨ੍ਹਾਂ ਦੇ ਹੱਥ ਦਾ ਅੰਨ ਪਾਣੀ ਖਾਣ ਕਰਕੇ ਤਾਂ ਸ਼ਾਇਦ ਅਸੀਂ ਅਪਵਿਤ੍ਰ ਹੋ ਜਾਂਦੇ ਹੋਵਾਂਗੇ ਜਾਂ ਨਹੀਂ, ਪਰ ਗੰਦੀ ਹਵਾ ਤੋਂ ਅਸੀਂ ਕਿਸੇ ਸੂਰਤ ਭੀ ਪਵਿਤ੍ਰ ਨਹੀਂ ਰਹਿ ਸਕਦੇ। ਕਿਉਂਕਿ ਗੰਦੀ ਹਵਾ ਸਾਡੇ ਸਰੀਰ ਨੂੰ ਬਾਹਰੋਂ ਹੀ ਨਹੀਂ ਭਿਟਦੀ ਸਗੋਂ ਝਟਪਟ ਸਵਾਸ ਦੁਆਰਾ ਸਾਡੇ ਅੰਦਰ ਜਾਕੇ ਪਰਵੇਸ਼ ਕਰਦੀ ਹੈ ਸਾਨੂੰ ਪਤਾ ਤਦ ਹੀ ਲਗਦਾ ਹੈ ਜਦ ਉਹ ਸਾਡੇ ਖੂਨ ਨੂੰ ਸਪਰਸ਼ ਕਰਦੀ ਹੈ ਕਿਸੇ ਨੀਚ ਜਾਤੀ ਦਾ ਖਾਣਾ ਆਦਿਕ ਪਕ ਰਿਹਾ ਹੋਵੇ ਜਾਂ ਕੋਈ ਐਸੀ ਖਰਾਬ ਚੀਜ਼ ਰਿਝ ਰਹੀ ਹੋਵੇ ਜਿਸਦੇ ਖਾਣ ਨਾਲ ਅਸੀਂ ਭ੍ਰਿਸ਼ਟ ਹੋ ਜਾਂਦੇ ਹਾਂ ਅਤੇ ਅਸੀਂ ਉਸ ਜਗਾ ਦੇ ਕੋਲ ਦੀ ਲੰਘੀਏ ਤਾਂ ਅਸੀਂ ਝਟ ਭ੍ਰਿਸ਼ਟ ਹੋ ਜਾਂਦੇ ਹਾਂ। ਕਿਉਂਕਿ ਸਾਨੂੰ ਪਤਾ ਤਦ ਹੀ ਲਗਦਾ ਹੈ ਜਦ ਉਹ ਗੰਦੀ ਵਾਸ਼ਨਾਂ ਸਾਡੇ ਅੰਦਰ ਜਾ ਘੁਸਦੀ ਹੈ ਅਤੇ ਲਹੂ ਨਾਲ ਜਾ ਲਗਦੀ ਹੈ। ਹੁਣ ਆਪ ਹੀ ਦਸੋ ਕਿ ਇਸ ਛੂਤ ਤੋਂ ਕਿਸਤਰਾਂ ਬਚਿਆ ਜਾਵੇ। ਛੂਤ ਛਾਤ ਦੇ ਭਗਤ ਸ਼ਾਇਦ ਏਸ ਗੰਦੀ ਹਵਾ ਨੂੰ ਛੂਤ ਨਹੀਂ ਮੰਨਦੇ ਹੋਣਗੇ ਕਿਉਂਕਿ ਇਸਤੋਂ ਉਹ ਕਿਸੇ ਸੂਰਤ ਭੀ ਬਚ ਨਹੀਂ ਸਕਦੇ। ਇਸੇਤਰ੍ਹਾਂ ਕਈ ਵਾਰ ਕੁਤੇ ਆਦਿਕ ਮਰੇ ਹੋਏ ਜਾਨਵਰ ਦੀ ਤ੍ਰਕੀ ਹੋਈ ਲਾਸ਼ ਨਾਲ ਵਿਗੜੀ ਹੋਈ ਹਵਾ ਸਾਨੂੰ ਝਟ ਭ੍ਰਿਸ਼ਟ ਕਰ ਦਿੰਦੀ ਹੈ। ਮਗਰੋਂ ਭਾਵੇਂ ਅਸੀਂ ਨੱਕ ਬੰਦ ਹੀ ਕਰ ਲੈਂਦੇ ਹਾਂ ਪਰ ਪਹਿਲਾਂ ਉਹ ਆਪਣਾ ਅਸਰ ਕਰ ਚੁਕਦੀ ਹੈ।

ਪਿਆਰੇ ਖਾਲਸਾ ਜੀ ਜਾਤ ਪਾਤ ਅਤੇ ਛੂਤ ਛਾਤ ਪਰ ਵਿਚਾਰ ਦਵਾਰਾ, ਗੁਰ ਪ੍ਰਮਾਣਾਂ ਦਵਾਰਾ ਅਤੇ ਅਰੋਗਤਾ

Digitized by Panjab Digital Library | www.panjabdigilib.org

ਦੇ ਨਿਯਮਾਂ ਅਨੁਸਾਰ ਕਾਫ਼ੀ ਵੀਚਾਰ ਹੋ ਚੁਕੀ ਹੈ। ਉਮੈਦ ਹੈ ਕਿ ਇਸਦੇ ਪੜ੍ਹਨ ਨਾਲ ਕਈ ਸਜਣਾਂ ਦੇ ਭਰਮ ਨਵਿਰਤ ਹੋ ਜਾਣਗੇ। ਹੁਣ ਗੁਰਬਾਣੀ ਦਾ ਅਖੀਰੀ ਫੈਸਲਾ ਦਸਕੇ ਏਸ ਮਜ਼ਮੂਨ ਨੂੰ ਬੰਦ ਕੀਤਾ ਜਾਂਦਾ ਹੈ।

"ਸਗਲ ਧਰਮ ਮਹਿ ਸ੍ਰੇਸਟ ਧਰਮ ॥
ਹਰਿ ਕੋ ਨਾਮ ਜਪੁ ਨਿਰਮਲ ਕਰਮ ॥
ਕਹੁ ਨਾਨਕ ਇਹੁ ਤਤੁ ਵਿਚਾਰਾ ॥
ਬਿਨ ਹਰਿ ਭਜਨ ਨਹੀਂ ਛੁਟਕਾਰਾ ॥"

ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

—ਸੰਪੂਰਨ—

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

"ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ" ਅੰਮ੍ਰਿਤਸਰ
ਵਿਚ ਸ. ਕਰਤਾਰ ਸਿੰਘ ਪ੍ਰਿੰਟਰ ਦੇ
ਯਤਨ ਨਾਲ ਛਪਿਆ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1315

Digitized by Panjab Digital Library | www.panjabdigilib.org

Digitized by Panjab Digital Library | www.panjabdigilib.org